ਮਾਸਕ ੧ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ

JULY 1992



ਜੁਲਈ ੧੯੯੨

ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੈ ਸਭ ਦੁਖ ਜਾਇ ॥

www.AKJ.Org

## ਤਤਤਤਰਾ


| | | |
|---|---|---|
| ਸਾਵਣੁ ਤਿਨਾ ਸੁਹਾਗਣੀ | ੩ | ਬਾਰਹਮਾਹ ਮਾਂਝ ਮਹਲਾ ੫ |
| —ਅਰਥ ਵਿਆਖਿਆ | | ੪ — — |
| ਗੁਰਮਤਿ ਗਿਆਨ ਤੇ ਸਾਇੰਸ | ੬ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭਾਈ ਲਾਲ ਸਿੰਘ ਜੀ ਸ਼ਰਬਲੋਹੀ | ੧੦ | " " " |
| ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ | ੧੩ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਜਰਾ ਰੋਗ | ੧੭ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਸੇਈ ਗੁਰਮੁਖਿ ਪਿਆਰੇ ਮੇਲਿ (੧੦) | ੨੨ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਮਥੋ ਮੁਰਾਰੀ | ੨੫ | ਭਾਈ ਨਰੈਣ ਸਿੰਘ ਜੀ ਐਮ. ਏ. |
| ਸਤਿਗੁਰਾਂ ਦਾ ਇਲਾਹੀ ਲੰਗਰ | ੨੮ | — — |
| ਕਬਿਤ ਸਵਯੇ ਭਾਈ ਗੁਰਦਾਸ ਜੀ | ੩੦ | — — |
| ਗੁਰਸਿਖਾਂ ਵਾਸਤੇ ਦਸਤਾਰ ਜ਼ਰੂਰੀ ਕਿਉਂ ? | ੩੪ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਪੰਜਾਬ ਮਸਲਾ—ਬਨਾਮ ਸਿੱਖ ਮਸਲਾ | ੩੬ | ਭਾਈ ਈਸ਼ਰ ਸਿੰਘ ਜੀ |
| ਗੁਰੂ ਹਰਿ ਕ੍ਰਿਸ਼ਨ ਸਾਹਿਬ ਦੀ ਮਹਿਮਾ | ੩੯ | ਪ੍ਰਿੰਸੀਪਲ ਸਤਿਬੀਰ ਸਿੰਘ ਜੀ |
| ਮੋਢੀ—ਗੁਰੂ ਹਰਿ ਕ੍ਰਿਸ਼ਨ ਸਾਹਿਬ | ੪੧ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਭੂਰਿਆਂ ਵਾਲੇ ਰਾਜੇ ਕੀਤੇ (੨੮) | ੪੩ | ਕੈਪਟਨ ਸਵਰਨ ਸਿੰਘ ਜੀ |
| ਪੰਥ ਦੇ ਚਰਨਾਂ ਵਿਚ ਅਪੀਲ | ੪੯ | ਜਥੇਦਾਰ ਅਖੰਡ ਕੀਰਤਨੀ ਜਥਾ |


ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਵਤਾਰ  ੨੪ ਜੁਲਾਈ

---


### 'ਸੂਰਾ' ਦੇ ਚੰਦੇ ਤੇ ਬਕਾਏ ਜਮ੍ਹਾ ਕਰਾ ਕੇ ਰਸੀਦ ਲਓ

੧. ਲੁਧਿਆਣਾ—ਭਾਈ ਮੋਹਕਮ ਸਿੰਘ ਜੀ, 16–ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ

੨. ਪਟਿਆਲਾ—ਭਾਈ ਆਸਾ ਸਿੰਘ ਐਂਡ ਸਨਜ਼, ਨੇੜੇ ਗੁਰਦਵਾਰਾ ਦੂਖ ਨਿਵਾਰਨ ਸਾਹਿਬ

੩. ਜਲੰਧਰ—ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ

੪. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ

੫. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੩੨/੩-ਏ ਫੇਜ਼, ਐਸ.ਏ.ਐਸ. ਨਗਰ, ਮੋਹਾਲੀ

੬ ਜ਼ਿਲਾ ਸੰਗਰੂਰ—(ੳ) ਰੋਹੀੜਾ-ਘ ਨੂਘਾਰਾ, *Via* ਅਹਿਮਦਗੜ੍ਹ, ਭਾ: ਸ਼ਨਦੀਪ ਸਿੰਘ ਜੀ
(ਅ) ਪਿੰਡ ਉਪੋਕੇ, (ਉਪਲਖੇੜੀ), ਡਾਕਖਾਨਾ ਮਲੇਰਕੋਟਲਾ, ਭਾਈ ਤ੍ਰਿਲੋਚਨ ਸਿੰਘ ਜੀ

੭. ਫਰੀਦਾਬਾਦ ਟਾਊਨ (ਹਰਿਆਣਾ) - ਭਾਈ ਬਲਵੰਤ ਸਿੰਘ ਜੀ, ੫–ਡੀ/੫੫, (੧੨੧੦੦੧)

੮. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ–੩੫, ਫਤਹ ਨਗਰ

੯. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

੧੦. ਬਠਿੰਡਾ, ਭਾਈ ਗੋਬਿੰਦ ਸਿੰਘ ਜੀ, ਮਕਾਨ ਨੰਬਰ ੭੮੧੯, ਨੇੜੇ ਡੰਗਰਾਂ ਦਾ ਹਸਪਤਾਲ।

੧੧. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫੋਨ 45787 ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ


---


ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੋੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦–ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੧.੭.੯੨ ਨੂੰ ਪ੍ਰਕਾਸ਼ਤ ਕੀਤਾ।



www.AKJ.Org

# ਸੂਰਾ

ਸਾਲਾਨਾ ਚੰਦਾ

| | |
|---|---|
| ਦੇਸ | ੩੦-੦੦ |
| ਇਕ ਪਰਚਾ | ੩-੦੦ |

ਪਰਦੇਸ (ਸਾਰੇ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੮੦-੦੦ |
| ਹਵਾਈ ਡਾਕ | ੨੫੦-੦੦ |

Foreign Subscription

| | |
|---|---|
| Sea Mail | 80-00 |
| Air Mail | 250-00 |

ਅਮਾਨਤੀ
ਲਾਈਫ਼ ਮੈਂਬਰ

| | |
|---|---|
| ਦੇਸ | ੨੫੦-੦੦ |

ਪਰਦੇਸ (ਸਾਰੇ)

| | |
|---|---|
| ਸਮੁੰਦਰੀ ਡਾਕ | ੮੦੦-੦੦ |
| ਹਵਾਈ ਡਾਕ | ੨੦੦੦-੦੦ |

**ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੬ ਜੁਲਾਈ ੧੯੯੨ ਅੰਕ ੭


## ਸਾਵਣੁ ਤਿਨਾ ਸੁਹਾਗਣੀ

ਸਾਵਣਿ ਸਰਸੀ ਕਾਮਣੀ ਚਰਣ ਕਮਲ ਸਿਉ ਪਿਆਰੁ ॥
ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥
ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥
ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥
ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥
ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥
ਜਿਨੀ ਸਖੀਏ ਪ੍ਰਭ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥
ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥
ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬॥

[ਬਾਰਹਮਾਹਾ ਮਾਂਝ ਮਹਲਾ ੫




www.AKJ.Org

# ਸਾਵਣ ਮਹੀਨੇ ਦੀ ਅਰਥ ਵਿਆਖਿਆ

**ਪਦ ਅਰਥ :** ਸਾਵਣਿ–ਸਾਵਣ (ਮਹੀਨੇ) ਵਿਚ । ਸਰਸੀ- ਸ-ਰਸੀ, ਰਸ ਵਾਲੀ, ਹਰੀ ਭਰੀ । ਕਾਮਣੀ–ਇਸਤ੍ਰੀ । ਚਰਣ ਕਮਲ–ਕੌਲ ਫੁਲ ਵਰਗੇ ਚਰਨ । ਸਿਉ–ਨਾਲ । ਰਤਾ–ਰੰਗਿਆ ਗਿਆ । ਸਚ ਰੰਗਿ–ਸੱਚੇ ਪ੍ਰਭੂ ਦੇ ਪ੍ਰੇਮ ਵਿਚ । ਅਧਾਰੁ -ਆਸਰਾ । ਬਿਖਿਆ ਰੰਗ–ਮਾਇਆ ਦੇ ਰੰਗ । ਕੂੜਾਵਿਆ–ਕੂੜਾਵੇ+ਆ, ਕੂੜੇ ਹਨ । ਦਿਸਨਿ–ਦਿਸਦੇ ਹਨ । ਛਾਰੁ–ਸੁਆਹ, ਤੁਛ । ਸੁਹਾਵਣੀ–ਸੁੰਦਰ, ਸ਼ੋਭਾ ਵਾਲੀ, ਪਿਆਰੀ। ਸਾਧੂ–ਸਤਿਗੁਰੂ । ਪੀਵਣਹਾਰੁ–ਪੀਵਣਹਾਰਾ, ਪੀਣ ਜੋਗਾ । ਵਣੁ ਤਿਣੁ–ਬ੍ਰਿਛ ਤੇ ਘਾਹ, ਭਾਵ ਬਨਾਸਪਤੀ। ਸੰਗਿ–ਨਾਲ । ਮਉਲਿਆ–ਹਰਿਆ ਭਰਿਆ । ਸੰਮ੍ਰਥ–ਸਭ ਕੁਝ ਕਰਨ ਦੇ ਜੋਗ, ਸਰਬ ਕਲਾ ਸ਼ਕਤੀਵਾਨ। ਪੁਰਖੁ–ਵਿਆਪਕ । ਅਪਾਰੁ–ਬੇਅੰਤ । ਕਰਮਿ-ਕਰਮ (ਬਖ਼ਸ਼ਸ਼) ਦੁਆਰਾ । ਮਿਲਾਵਣਹਾਰੁ–ਮਿਲਾਵਣਹਾਰਾ। ਹੰਉ–ਮੈਂ । ਬਲਿਹਾਰ–ਕੁਰਬਾਨ, ਵਾਰਨੇ । ਮਇਆ– ਬਖ਼ਸ਼ਸ਼, ਮਿਹਰ । ਸਵਾਰਣਹਾਰੁ–ਸਵਾਰਨਹਾਰਾ। ਉਰਿ–ਹਿਰਦੇ ਵਿਚ ।

**ਅਰਥ :** ਸਾਵਣ ਮਹੀਨੇ ਵਿਚ ਉਹ ਜੀਵ-ਇਸਤ੍ਰੀ ਹਰੀ-ਭਰੀ ਹੋ ਜਾਂਦੀ ਹੈ ਜਿਸ ਦਾ ਪਿਆਰ ਵਾਹਿਗੁਰੂ ਦੇ ਕੌਲ ਵਰਗੇ ਸੋਹਣੇ ਚਰਨਾਂ ਨਾਲ ਲਗ ਜਾਂਦਾ ਹੈ, ਭਾਵ, ਜਿਸ ਦਾ ਮਨ ਨਾਮ-ਸਿਮਰਨ ਵਿਚ ਜੁੜ ਜਾਂਦਾ ਹੈ। ਉਸ ਦਾ ਮਨ ਅਤੇ ਤਨ ਸੱਚੇ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਜਾਂਦਾ ਹੈ ਅਤੇ ਉਸ (ਦੇ ਜੀਵਨ) ਦਾ ਆਸਰਾ ਇਕੋ ਨਾਮ ਹੀ ਹੋ ਜਾਂਦਾ ਹੈ ।

ਮਾਇਆ ਦੇ ਸਾਰੇ ਰੰਗ-ਤਮਾਸ਼ੇ ਉਸ ਨੂੰ ਸੁਆਹ ਵਾਂਗ ਝੂਠੇ (ਤੁਛ) ਦਿਸਦੇ ਹਨ, ਜਦ ਕਿ ਨਾਮ-ਸਿਮਰਨ ਦੀ ਅੰਮ੍ਰਿਤ-ਬੂੰਦ ਅਤਿ ਪਿਆਰੀ ਲਗਦੀ ਹੈ ਅਤੇ ਜੀਵ-ਇਸਤ੍ਰੀ ਸਾਧੂ–ਸਤਿਗੁਰੂ ਨੂੰ ਭੇਟ ਕੇ ਉਸ ਨਾਮ-ਅੰਮ੍ਰਿਤ ਦੀ ਬੂੰਦ ਨੂੰ ਪੀਣ ਵਾਲੀ ਹੋ ਜਾਂਦੀ ਹੈ ।

(ਹਰਿ-ਨਾਮ-ਅੰਮ੍ਰਿਤ-ਬੂੰਦ ਪੀਣ ਸਦਕਾ) ਉਸ ਜੀਵ-ਇਸਤ੍ਰੀ ਨੂੰ ਹਰੇਕ ਬ੍ਰਿਛ-ਬੂਟਾ ਵਾਹਿਗੁਰੂ ਦੇ ਰੰਗ ਵਿਚ ਮਉਲਿਆ ਹੋਇਆ ਹਰਾ ਭਰਾ ਜਾਪਦਾ ਹੈ । ਉਹ ਵਾਹਿਗੁਰੂ ਜੋ ਸਰਬ ਕਲਾ ਸਮਰੱਥ ਹੈ, ਹਰੇਕ ਜੀਵ ਤੇ ਹਰੇਕ ਥਾਂ ਵਿਚ ਵਿਆਪਕ ਹੈ ਅਤੇ ਬੇਅੰਤ ਹੈ ।

(ਐਸੇ ਬੇਅੰਤ ਤੇ ਸਮਰੱਥ) ਵਾਹਿਗੁਰੂ ਨੂੰ ਮਿਲਣ ਨੂੰ ਮੇਰਾ ਮਨ ਵੀ ਤਰਸਦਾ ਹੈ, ਪਰ (ਉਹ ਪ੍ਰਭੂ ਆਪ ਹੀ) ਆਪਣੀ ਬਖ਼ਸ਼ਸ਼ ਦੁਆਰਾ ਮਿਲਾਉਣ ਵਾਲਾ ਹੈ, ਭਾਵ, ਮਿਲਾਂਦਾ ਹੈ। ਜਿਨ੍ਹਾਂ ਗੁਰਮੁਖ ਸਖੀਆਂ ਨੇ ਵਾਹਿਗੁਰੂ ਨੂੰ ਪ੍ਰਾਪਤ ਕਰ ਲਿਆ ਹੈ, ਮੈਂ ਉਨ੍ਹਾਂ ਤੋਂ ਵਾਰਨੇ ਬਲਿਹਾਰਨੇ ਜਾਂਦਾ ਹਾਂ ।

'ਨਾਨਕ' (ਮੁਹਰ-ਛਾਪ ਹੇਠ ਪੰਚਮ ਜੋਤਿ ਸਤਿਗੁਰੂ ਪ੍ਰਭੂ-ਚਰਨਾਂ ਵਿਚ ਜੋਦੜੀ ਕਰਦੇ ਹਨ–) ਹੇ ਹਰੀ ਜੀਉ ! ਮੇਰੇ ਤੇ ਵੀ ਬਖ਼ਸ਼ਸ਼ ਕਰੋ, ਤੁਸੀਂ ਆਪ ਹੀ ਗੁਰ-ਸ਼ਬਦ ਦੁਆਰਾ ਸਵਾਰਨਹਾਰੇ ਹੋ, ਭਾਵ, ਨਾਮ-ਰੰਗ ਦੇ ਖੇੜੇ ਖਿੜਾਉਣ ਵਾਲੇ ਹੋ ।

ਸਾਵਣ ਦਾ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਜੀਵ-ਇਸਤ੍ਰੀਆਂ ਲਈ (ਖੇੜੇ ਖਿੜਾਉਣ ਵਾਲਾ) ਹੈ ਜਿਨ੍ਹਾਂ ਦੇ ਹਿਰਦੇ ਵਿਚ ਰਾਮ-ਨਾਮ ਦਾ ਹਾਰ (ਮਾਲਾ) ਹੈ, ਭਾਵ ਜਿਨ੍ਹਾਂ ਦੇ ਅੰਦਰ ਰਾਮ ਨਾਮ ਦਾ ਲਗਾਤਾਰ ਜਾਪ ਹੋ ਰਿਹਾ ਹੈ ।

**ਵਿਆਖਿਆ :** ਸ੍ਰੀ ਗੁਰੂ ਅਰਜਨ ਦੇਵ ਜੀ ਸਾਵਣ ਮਹੀਨੇ ਦੁਆਰਾ ਪ੍ਰਾਣੀ ਮਾਤਰ ਨੂੰ ਉਪਦੇਸ਼ ਕਰਦੇ ਹਨ ਕਿ ਸਾਵਣ ਦਾ ਮਹੀਨਾ ਉਨ੍ਹਾਂ ਲਈ ਖੇੜੇ ਅਤੇ ਹਰਿਆਵਲ ਵਾਲਾ ਹੈ, ਉਨ੍ਹਾਂ ਲਈ ਹੀ ਖੁਸ਼ੀਆਂ ਤੇ ਚਾਵਾਂ-ਮਲਾਰਾਂ ਵਾਲਾ ਹੈ, ਜਿਨ੍ਹਾਂ ਦੇ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਮਾਲਾ ਦੇ ਮਣਕਿਆਂ ਵਾਂਗ ਪ੍ਰੋਇਆ ਹੈ, ਜਿਨ੍ਹਾਂ ਦਾ ਮਨ ਤੇ ਤਨ ਨਾਮ-ਰੰਗ ਵਿਚ ਖਿੜਿਆ ਹੋਇਆ ਹੈ–

ਨਾਨਕ ਤਿਨਾ ਬਸੰਤੁ ਹੈ ਜਿਨਾ ਗੁਰਮੁਖਿ ਵਸਿਆ ਮਨਿ ਸੋਇ ॥
ਹਰਿ ਵੁਠੈ ਮਨੁ ਤਨੁ ਪਰਫੜੈ ਸਭੁ ਜਗੁ ਹਰਿਆ ਹੋਇ ॥੬੧॥ (ਪੰਨਾ ੧੪੨੦)



www.AKJ.Org

ਅਤੇ ਉਨ੍ਹਾਂ ਲਈ ਹੀ ਸਾਵਣ ਦੀ ਰੁਤ ਸੁਹਾਵਣੀ ਹੈ—

ਪਿਰੀ ਮਿਲਾਵਾ ਜਾ ਥੀਐ ਸਾਈ ਸੁਹਾਵੀ ਰੁਤਿ ॥
ਘੜੀ ਮੁਹਤ ਨ ਵੀਸਰੈ, ਨਾਨਕ ਰਵੀਐ ਨਿਤ ॥੨॥੧੫॥ (ਪੰਨਾ ੫੨੨)

ਜੋ ਨਾਮ ਰੰਗ ਵਿਚ ਰਤੇ ਹੁੰਦੇ ਹਨ, ਉਨ੍ਹਾਂ ਲਈ ਮਾਇਆ ਦੇ ਭੋਗ 'ਬਿਖੈ' ਜ਼ਹਿਰ ਸਮਾਨ ਹੁੰਦੇ ਹਨ, ਅੰਮ੍ਰਿਤ ਨਾਮ ਹੀ ਉਨ੍ਹਾਂ ਲਈ ਸੁਖਾਂ ਦਾ ਸਮੁੰਦਰ ਹੈ ਅਤੇ ਨਾਮ-ਅੰਮ੍ਰਿਤ ਨੂੰ ਉਹ ਪੀਂਦੇ, ਮਨ ਤਨ ਵਿਚ ਪ੍ਰੋਂਦੇ ਅਤੇ ਨਾਮ-ਰੰਗ ਵਿਚ ਹੀ ਉਹ ਖੀਵੇ (ਮਸਤ) ਹੋਇ ਰਹਿੰਦੇ ਹਨ—

ਹਰਿ ਹਰਿ ਸੰਤ ਜਨਾ ਕੀ ਜੀਵਨਿ ॥
ਬਿਖੈ ਰਸ ਭੋਗ ਅੰਮ੍ਰਿਤ ਸੁਖ ਸਾਗਰ ਰਾਮ ਨਾਮ ਰਸੁ ਪੀਵਨਿ ॥੧॥ਰਹਾਉ॥
ਸੰਚਨਿ ਰਾਮ ਨਾਮ ਧਨੁ ਰਤਨਾ ਮਨ ਤਨ ਭੀਤਰਿ ਸੀਵਨਿ ॥
ਹਰਿ ਰੰਗ ਰਾਂਗ ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ ॥੧॥੯੧॥ (ਪੰਨਾ ੧੨੨੨)

ਨਾਮ-ਰੰਗ-ਰਤੇ ਗੁਰਮੁਖਾਂ ਨੂੰ ਨਾਮ-ਸਿਮਰਨ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਚੰਗਾ ਲਗਦਾ—

ਓਹਾ ਪ੍ਰੇਮ ਪਿਰੀ ॥੧॥ ਰਹਾਉ॥
ਕਨਿਕ ਮਾਣਿਕ ਗਜ ਮੋਤੀਅਨ ਲਾਲਨ ਨਹ ਨਾਹ ਨਹੀ ॥੧॥
ਰਾਜ ਨ ਭਾਗ ਨ ਹੁਕਮ ਨ ਸਾਦਨ ॥ ਕਿਛੁ ਕਿਛੁ ਨ ਚਾਹੀ ॥੨॥
ਚਰਨਨ ਸਰਨਨ ਸੰਤਨ ਬੰਦਨ ॥ ਸੁਖੋ ਸੁਖੁ ਪਾਹੀ ॥
ਨਾਨਕ ਤਪਤਿ ਹਰੀ ॥ ਮਿਲੇ ਪ੍ਰੇਮ ਪਿਰੀ ॥੩॥੩॥੧੪੩॥ (ਆਸਾ ਮ: ੫—੪੦੬)

ਅਤੇ— ਜਿਨ ਸਰਧਾ ਰਾਮ ਨਾਮਿ ਲਗੀ ਤਿਨ੍ਹ ਦੂਜੈ ਚਿਤੁ ਨ ਲਾਇਆ ਰਾਮ ॥
ਜੇ ਧਰਤੀ ਸਭ ਕੰਚਨ ਕਰਿ ਦੀਜੈ ਬਿਨੁ ਨਾਵੈ ਅਵਰੁ ਨ ਭਾਇਆ ਰਾਮ ॥੭॥੯॥ (ਪੰ: ੪੪੪)

ਨਾਮ-ਰਸ ਵਿਚ ਗੜੂੰਦ ਹੋਇ ਗੁਰਮੁਖਾਂ ਦੀ ਇਹ ਦਸ਼ਾ ਹੋ ਜਾਂਦੀ ਹੈ ਕਿ ਉਨ੍ਹਾਂ ਨੂੰ ਵਣ ਤ੍ਰਿਣ ਸਭ ਅਕਾਰ ਵਿਚ ਹੀ ਬੇਅੰਤ ਤੇ ਸਰਬ ਵਿਆਪਕ ਪ੍ਰਭੂ ਦੀ ਕੀਰਤੀ ਹੋ ਰਹੀ ਪ੍ਰਤੀਤ ਹੁੰਦੀ ਹੈ—

ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥
ਪਉਣ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥
ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥੪॥੪॥
[ਬਿਹਾਗੜਾ ਮ: ੪, ਪੰਨਾ ੫੪੦

ਮਹੀਨੇ ਦੀਆਂ ਪਿਛਲੀਆਂ ਤੁਕਾਂ ਰਾਹੀਂ ਸਤਿਗੁਰੂ ਜੀ ਨੇ ਜਾਚਨਾ ਕੀਤੀ ਹੈ ਕਿ ਐਸੇ ਅਮੋਲਕ ਗੁਣ ਵਾਲੇ ਵਾਹਿਗੁਰੂ ਨੂੰ ਮਿਲਣ ਨੂੰ ਮੇਰਾ ਮਨ ਤਰਸਦਾ ਹੈ—

ਆਸ ਪਿਆਸੀ ਪਿਰ ਕੇ ਤਾਈ, ਜਿਉ ਚਾਤ੍ਰਿਕੁ ਬੂੰਦੇਰੇ ॥
ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ ॥੨॥ (ਪੰਨਾ ੧੧੧੭)

ਅਤੇ— ਆਸ ਪਿਆਸੀ ਮੈ ਫਿਰਉ, ਕਬ ਪੇਖਉ ਗੋਪਾਲ ॥
ਹੈ ਕੋਈ ਸਾਜਨੁ ਸੰਤ ਜਨੁ, ਨਾਨਕ ਪ੍ਰਭ ਮੇਲਣਹਾਰ ॥੧॥ (ਸਲੋਕ—ਪੰਨਾ ੯੨੮)


www.AKJ.Org

# ਗੁਰਮਤਿ ਗਿਆਨ ਤੇ ਸਾਇੰਸ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

**ਸੱਚਾ ਮਹਿਲ–**

ਸਤਿ ਪੁਰਖ ਅਕਾਲ ਦੇ ਸੱਚੇ ਦਰਸਾਰ ਨੂੰ ਦਸਮ ਦੁਆਰ ਰੂਪੀ ਸੱਚੇ ਮਹਿਲ ਅੰਦਰ ਹੀ ਸਤਿਗੁਰੂ ਸਾਹਿਬ ਆਪਣੇ ਗੁਰਸਿਖ ਗੁਰਮੁਖਿ ਜਨਾਂ ਨੂੰ ਪਰਤੱਖ ਦਿਖਾਇ ਦਿੰਦੇ ਹਨ, ਅਲੱਖ ਨੂੰ ਲਖਾ ਦਿੰਦੇ ਹਨ। ਜਿਥੇ ਅਲੱਖ ਨੂੰ ਲਖੀਦਾ ਹੈ, ਓਹੀ ਸੱਚਾ ਮਹਿਲ ਹੈ, ਸੱਚ ਨਿਹਚਲ ਮਹਿਲ ਹੈ। ਛਾਇਆ ਮਾਇਆ ਵਾਲਾ ਭਰਮ-ਭੀਤੀ ਕਚ-ਮਹਿਲ ਦੁਆਰਾ ਨਹੀਂ। ਜਾਗਤ ਜੋਤਿ ਆਤਮਾ, ਜੀਵਨ ਸਤਿਆ ਵਾਲੀ ਜੋਤਿ ਅਤੇ ਬੋਲਦੇ ਪੁਰਖ ਦੀ ਜੀਵਤ ਕਲਾ ਜਿਵੇਂ ਇਸ ਕਾਇਆਂ ਅੰਦਰ ਵਸਦੀ ਹੈ, ਅਤੇ ਕਾਇਆਂ ਕੁਮਲਾਉਣ (ਅੰਤ ਹੋ ਜਾਣ) ਪਰ ਉਸ ਦੀ ਕੋਈ ਕਣਿ-ਨੀਸ਼ਾਨੀ ਕਾਇਆਂ ਅੰਦਰ ਨਹੀਂ ਚੀਨੀ ਜਾਂਦੀ, ਤਿਵੇਂ ਹੀ ਨਾਭ ਕੰਵਲ ਅਤੇ ਦਸਮ ਦੁਆਰ ਦੀ ਜੋਤਿ ਅਗੰਮੀ ਬਿਵਸਥਾ ਦੇ ਉਹ ਨੀਸ਼ਾਨ ਭੀ ਇਸ ਕਾਇਆਂ ਅੰਦਰ ਬਾਕੀ ਨਹੀਂ ਸਿਞਾਤੇ ਜਾਂਦੇ।

ਸਾਇੰਸਦਾਨਾਂ ਦੀ ਏਨਾਟਮੀ ਇਸ ਖੋਜ-ਭਾਲ ਤੋਂ ਉੱਕੀ ਹੀ ਊਣੀ ਅਤੇ ਅਸਮਰੱਥ ਹੈ। ਅੱਵਲ ਤਾਂ ਉਹਨਾਂ ਨੂੰ ਨਾਭ-ਕੰਵਲ-ਵਿਗਾਸੀ-ਗੁਰਮੁਖਿ ਪਰਮ ਹੰਸਾਂ ਅਤੇ ਦਸਮ ਦੁਆਰ ਇਨਕਸ਼ਾਫ਼ੀ ਗੁਰਮੁਖਿ ਜੋਗੀਸ਼ਰਾਂ ਦੀ ਦੇਹੀ ਨੂੰ ਚੀਰ ਫਾੜ ਕਰਨ ਦਾ ਅਵਸਰ ਅਜ ਤਾਈਂ ਸ਼ਾਇਦ ਹੀ ਮਿਲਿਆ ਹੋਵੇ। ਜੇ ਮਿਲਿਆ ਭੀ ਹੋਵੇ ਤਾਂ ਉਨ੍ਹਾਂ ਨੂੰ ਉਥੋਂ ਕੀ ਲਭ ਜਾਣਾ ਹੈ। ਓਹਨਾਂ ਨੂੰ ਨਾਭ ਕੰਵਲ ਦੇ ਖ਼ਾਨੇ ਦੀ ਖੋਜ ਹੀ ਨਹੀਂ, ਉਨ੍ਹਾਂ ਨੂੰ ਦਸਮ ਦੁਆਰ ਦੇ ਖੁਲ੍ਹਾਉ ਤੇ ਅਣ-ਖੁਲ੍ਹਾਉ ਦੇ ਪਰਖਣ ਦੀ ਜਾਂਚ ਹੀ ਨਹੀਂ। ਆਮ ਮਿਰਤਕ ਮੜ੍ਹੇ ਸਰੀਰਾਂ ਦੀ ਏਨਾਟਮੀ ਮਹਿਦੂਦ ਤਜਰਬਿਆਂ ਵਿਚ ਹੀ ਹਦ-ਬੰਦੀ ਰਖਦੀ ਹੈ।

ਕੀ ਕੋਈ ਅਨਾਟਮਿਸਟ ਮਾਮੂਲੀ ਇਨਸਾਨਾਂ ਦੇ ਸਰੀਰਾਂ ਦੀ ਏਨਾਟਮੀ ਕਰ ਕੇ ਇਹ ਦਸ ਸਕਦਾ ਹੈ ਕਿ ਸਰੀਰ ਦੇ ਕਿਹੜੇ ਕਿਹੜੇ ਕੋਨੇ ਵਿਚ, ਸਰੀਰ ਦੇ ਸੁਰਜੀਤ ਹੁੰਦਿਆਂ ਆਤਮਾ ਯਾ ਰੂਹ ਵਸਦੀ ਸੀ ਅਤੇ ਕਿਹੜੇ ਰਸਤੇ ਵਿਚ ਦੀ ਸਰੀਰ ਵਿਚੋਂ ਨਿਕਲ ਗਈ? ਕੀ ਉਨ੍ਹਾਂ ਦਾ ਇਹ ਖੋਜ ਨ ਕਰ ਸਕਣਾ ਇਸ ਗੱਲ ਦਾ ਸਬੂਤ ਹੈ ਕਿ ਰੂਹ ਆਤਮਾ ਸਰੀਰ ਅੰਦਰ ਹੈ ਹੀ ਨਹੀਂ ਸੀ। ਗੁਰਮਤਿ-ਜੋਤਿ ਆਤਮ-ਗਿਆਨ ਤੋਂ ਸੁੰਞਿਆਂ ਨੂੰ ਸਰੀਰ ਅੰਦਰ ਸਾਰੀ ਉਮਰ ਬੋਲਦੇ ਪੁਰਖ ਦੇ ਚਮਤਕਾਰੇ, ਬੋਲ ਬੁਲਾਰੇ ਪੇਖਦਿਆਂ ਸੁਣਦਿਆਂ ਭੀ ਇਸ ਬੋਲਦੇ ਪੁਰਖ ਜੀਵ-ਆਤਮਾ ਦੀ ਹੋਂਦ-ਲਖਤਾ ਦਾ ਯਕੀਨ ਨਹੀਂ ਆਇਆ ਤਾਂ ਦਸਮ ਦੁਆਰ ਦੀਆਂ ਅਗੰਮੀ ਖੇਡਾਂ ਦਾ ਉਹ ਕੀ ਅਨੁਮਾਨ ਲਾ ਸਕਦੇ ਹਨ? ਜੋਤਿ ਪਰਜੁਲਤੀ ਕਲਾ-ਧਾਰੀਆਂ ਨੂੰ ਹੀ ਕਾਇਆਂ ਅੰਦਰ ਆਤਮ-ਜੋਤਿ ਦੇ ਜਲਵੇ ਪਰਤੱਖ ਹੋ ਸਕਦੇ ਹਨ। ਇਨ੍ਹਾਂ ਜੋਤਿ-ਜਲਵਿਆਂ ਦੀ ਹੋਂਦ ਇਕ ਐਸੀ ਸਤਤਾ ਸਚਾਈ (*reality*) ਹੈ ਜਿਸ ਦੇ ਮੁਕਾਬਲੇ ਵਿਚ ਇਸ ਦਿਸਦੇ ਸਰੀਰ ਢਾਂਚੇ ਦੀ ਸਤਤਾ ਕੱਖ ਭੀ ਹੈਸੀਅਤ ਨਹੀਂ ਰਖਦੀ। ਭੁਲੀ ਲੁਕਾਈ ਇਨ੍ਹਾਂ ਨਾਸਵੰਤ ਦ੍ਰਿਸ਼ਟਮਾਨ ਪਦਾਰਥਾਂ ਦੀ ਹੋਂਦ ਨੂੰ ਸੱਚ ਕਰਕੇ ਮੰਨਦੀ ਹੈ, ਪਰ ਜਿਸ ਅਦ੍ਰਿਸ਼ਟ ਸਤਤਾ ਦੇ ਆਸਰੇ ਇਹ ਸਰੀਰ ਕਲਬੂਤ ਕਾਇਮ ਹਨ, ਉਸ ਤੋਂ ਉੱਕੀ ਹੀ ਅਗਿਆਤ ਹੈ ਤੇ ਆਪਣੇ ਇਸ ਅਗਿਆਤਪੁਣੇ ਦੀ ਹਾਲਤ ਵਿਚ ਭੀ ਅਦ੍ਰਿਸ਼ਟ ਅਧਿਆਤਮੀ ਪਦਾਰਥਾਂ ਦੀ ਸਤਤਾ ਤੋਂ ਮੁਨਕਰ ਹੋਣ ਨੂੰ ਆਪਣੀ ਵਡਿਆਈ ਸਮਝਦੀ ਹੈ। ਤੱਤ ਹਕੀਕਤ ਦਾ ਮੁਹੱਕਿਕ (ਖੋਜੀ) ਨ ਹੋ ਸਕਣ ਵਾਲੀ ਕਮਜ਼ੋਰੀ ਤੇ ਨਿਜ ਅਸਮਰਥੱਤਾ ਨੂੰ ਤਿਮਰ ਅਗਿਆਨ ਦੇ ਜਾਹਲਪੁਣੇ ਅੰਦਰ ਲਪੇਟ ਲਪੇਟ ਕੇ, ਗਲੇਫ਼ ਗਲੇਫ਼ ਕੇ ਬਫ਼ਾਉਂਦੀ ਹੈ, ਪਈ ਬਫ਼ਾਵੇ, ਇਸ ਤੋਂ ਤੱਤ ਹਕੀਕਤ ਦੀ ਗੁਹਜ ਗੁਪਤ ਕਲਾ ਕਲੰਕਤ ਨਹੀਂ ਹੋ ਸਕਦੀ, ਅਲਪੱਗ ਖੋਜ ਵਾਲੇ ਖੋਜੀਆਂ ਦਾ ਦਿਲ ਦਿਮਾਗ ਹੀ ਕਲੰਕਤ ਹੁੰਦਾ ਹੈ।



www.AKJ.Org

ਸਪਿਰਟ ਨੂੰ ਮੈਟੀਰੀਅਲਾਈਜ਼ ਨਹੀਂ ਕੀਤਾ ਜਾ ਸਕਦਾ, ਰੀਆਲਾਈਜ਼ (*realize*), **ਸਪਿਰਿਚੂਅਲਾਈਜ਼** (*spiritulize*) ਕੀਤਾ ਜਾ ਸਕਦਾ ਹੈ; ਪਰ ਉਹ ਭੀ ਸਪਿਰਿਚੂਅਲਇਜ਼ਮ (ਰੂਹਾਨੀਅਤ) **ਦੇ ਇਲਮ** ਦੇ ਆਲਮਾਂ ਪਾਸੋਂ। ਤੱਤ ਸਪਿਰਿਚੂਅਲਇਜ਼ਮ ਦਾ ਗੁਪਤ ਖ਼ਜ਼ਾਨਾ ਕੇਵਲ ਗੁਰਬਾਣੀ ਹੈ। **ਇਸ ਇਲਮ** ਦੇ ਆਲਮਾਂ ਨੂੰ ਇਸ ਕਾਇਆਂ ਪਿੰਡ ਸਰੀਰ ਅੰਦਰੋਂ ਇਲਮੁਲ-ਗ਼ਾਇਬ ਦਾ ਖ਼ਜ਼ਾਨਾ ਲੱਭ ਗਿਆ ਹੈ–

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ [ਧਨਾਸਰੀ ਪੀਪਾ ਜੀ, ਪੰਨਾ ੬੯੫

ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ॥ ਗੁਰਮੁਖਿ ਬੂਝਹੁ ਸਬਦਿ ਪਛਾਣਹੁ ॥

ਘਟਿ ਘਟਿ ਭੋਗੇ ਭੋਗਣਹਾਰਾ ਰਹੈ ਅਤੀਤੁ ਸਬਾਇਆ ॥੧੪॥ [ਮਾਰੂ ਮ: ੧, ਪੰਨਾ ੧੦੪੧

**ਚਾਰ ਕੁੰਟ, ਚੌਦਾਂ ਭਵਨ,** ਸਗਲ ਬ੍ਰਹਿਮੰਡ ਵਿਖੇ ਵਿਆਪਕ ਵਾਹਿਗੁਰੂ ਨੂੰ **ਗੁਰਮਤਿ-ਖੋਜੀਆਂ,** ਗੁਰਮੁਖਿ ਜਨਾਂ ਨੇ ਆਪਣੇ ਪਿੰਡ (ਸਰੀਰ) ਵਿਚੋਂ ਹੀ ਲਭ ਲਿਆ ਹੈ। ਵਾਹਿਗੁਰੂ ਤਾਂ ਪਿੰਡ ਪਿੰਡ ਵਿਖੇ, ਸਗਲ ਘਟਾਂ ਵਿਖੇ, ਖੰਡ ਖੰਡ ਵਿਖੇ, ਸਾਰੇ ਬ੍ਰਹਿਮੰਡ ਵਿਖੇ ਵਿਆਪਕ ਹੈ, ਪਰ ਉਸ ਦੀ ਵਿਆਪਕਤਾ ਦਾ ਗੁਰਮਤੋਂ ਘੁਥੀ ਆਮ ਲੁਕਾਈ ਨੇ ਕੇਵਲ ਅਨੁਮਾਨ ਮਾਤਰ ਹੀ ਲਖਣ ਲਾਇਆ ਹੈ। ਤਿਸ ਵਿਆਪਕਤਾ ਦੀ ਜ਼ਾਹਰ ਜ਼ਹੂਰੀ ਹਜ਼ੂਰੀ ਨੂੰ ਪਰਤੱਖ ਕਰਕੇ ਲਖਿਆ ਹੈ ਤਾਂ ਕੇਵਲ ਸ਼ਬਦ-ਬੂਝ ਵਾਲੇ ਗੁਰਮੁਖਿ ਪਛਾਣੂਆਂ ਨੇ ਹੀ ਲਖਿਆ ਹੈ ਅਤੇ ਪਹਿਲਾਂ ਘਟ ਰੂਪੀ ਖੰਡ ਅੰਦਰੋਂ, ਅਰਥਾਤ, ਸਰੀਰ ਰੂਪੀ ਪਿੰਡ ਅੰਦਰੋਂ ਹੀ ਲਖਿਆ ਹੈ। ਅਤੇ ਜਿਨ੍ਹਾਂ ਗੁਰਮੁਖਿ ਜਨਾਂ ਨੇ ਲਖਿਆ ਹੈ, ਓਹਨਾਂ ਦੇ ਘਟ ਅੰਤਰ ਹੀ ਗੁਪਤੋਂ ਪਰਗਟ ਹੋ ਕੇ ਉਸ ਭੋਗ-ਅਨੰਦੀ-ਜੋਤੀ-ਸਰੂਪ ਨੇ ਆਤਮ-ਭੋਗ ਰਚਾਇਆ ਹੈ ਅਤੇ ਆਪਣੇ ਭੋਗ-ਭਾਗੀ ਭਗਤ ਜਨਾਂ ਨੂੰ ਰਸਕ ਰੀਸਾਲੂ ਹੋ ਕੇ ਅੰਗ ਅੰਗ ਰੋਮ ਰੋਮ ਰਮਨੀਆਰਾ ਹੋ ਕੇ ਘਟਿ ਘਟਿ ਰਮਈਆ ਰਮਤ ਰਾਇ ਹੋ ਕੇ ਪਤੀਆਇਆ ਹੈ, ਤਾਂ ਹੀ ਭਗਤ ਜਨਾਂ ਨੂੰ ਪਕ ਪ੍ਰਤੀਤ ਆਈ ਹੈ।

ਸਰਬ ਘਟਾਂ ਦਾ ਪਕ ਪ੍ਰਤੀਤ ਕਰਿ ਭੋਗਨਹਾਰਾ ਹੋ ਕੇ ਭੀ ਉਹ ਕਾਇਨਾਤ ਤੋਂ ਅਤੀਤ ਰਹਿੰਦਾ ਹੈ ਅਤੇ ਗੁਰਮੁਖਿ ਭਗਤ ਜਨਾਂ ਤੋਂ ਛੁਟ ਹੋਰ ਸਾਰੀ ਲੁਕਾਈ ਪਾਸੋਂ ਗੁਪਤ ਵਰਤਦਾ ਹੈ। ਉਸ ਦਾ ਸਰਬ ਲੁਕਾਈ ਨੂੰ ਨਾ ਦਿਸਣਾ, ਅਦ੍ਰਿਸ਼ਟ, ਅਗਮ ਅਗੋਚਰ ਵਾਹਿਗੁਰੂ ਕਰਤੇ ਪੁਰਖ ਦਾ ਦ੍ਰਿਸ਼ਟਮਾਨ ਕੁਦਰਤ ਅਤੇ ਤ੍ਰੈਗੁਣੀ ਪਦਾਰਥਾਂ ਵਾਂਗੂੰ ਏਹਨਾਂ ਪੰਚ-ਭੂਤਕ ਅੱਖੀਆਂ ਨੂੰ ਨਜ਼ਰ ਨਾ ਆਉਣਾ ਉਸਦੀ ਅਣਹੋਂਦ ਦਾ, ਉਸਦੀ ਹਸਤੀ ਦੀ ਨਾਬੂਦਗੀ ਦਾ ਸਬੂਤ ਨਹੀਂ। ਜਿਸ ਤਰ੍ਹਾਂ ਅਗਨੀ ਦਾ ਪ੍ਰਚੰਡ ਸਰੂਪ ਵਿਚ ਨ ਆਉਣਾ ਅਤੇ ਗੁਪਤੋਂ ਪਰਗਟ ਪ੍ਰਚੰਡਤਾ ਵਿਚ ਨਾ ਵੇਖਿਆ ਜਾ ਸਕਣਾ, ਇਸ ਗੱਲ ਦਾ ਸਬੂਤ ਨਹੀਂ ਕਿ ਅਗਨੀ ਹੈ ਹੀ ਨਹੀਂ। ਜਿਨ੍ਹਾਂ ਨੇ ਅਗਨੀ ਨੂੰ ਪ੍ਰਚੰਡ ਕੀਤਾ ਹੈ, ਜਿਨ੍ਹਾਂ ਨੇ ਅਗਨੀ ਪ੍ਰਚੰਡ ਹੋਈ ਆਪਣੀ ਅਖੀਂ ਪੇਖੀ ਪਰਖੀ ਹੈ, ਕੇਵਲ ਓਹਨਾਂ ਨੂੰ ਹੀ ਅਗਨੀ ਦੀ ਹੋਂਦ ਸੰਦੀ ਪੱਕ ਪ੍ਰਤੀਤ ਹੈ, ਦੂਜਿਆਂ ਨੂੰ ਨਹੀਂ। ਪਿਛਲੇ ਜ਼ਮਾਨੇ ਵਿਚ ਅਗਨੀ ਅੱਜ ਕਲ੍ਹ ਵਾਂਗ ਆਮ ਪ੍ਰਚੰਡ ਨਹੀਂ ਸੀ ਹੋਇਆ ਕਰਦੀ। ਓਦੋਂ ਤਾਂ ਆਮ ਲੁਕਾਈ ਨੂੰ ਅਗਨੀ ਦੀ ਹੋਂਦ ਦਾ ਸੰਦੇਹ ਹੋ ਸਕਦਾ ਸੀ, ਫ਼ੀ ਜ਼ਮਾਨਾ ਜਦੋਂ ਕਿ ਰੋਜ਼, ਸਾਰੀ ਸਾਰੀ ਰਾਤ ਅਗਨੀ ਪ੍ਰਚੰਡ ਵੀ ਹੋ ਸਕਦੀ ਹੈ, ਅਤੇ ਛਿਨ ਵਿਚ ਗੁਪਤ ਵੀ ਹੋ ਸਕਦੀ ਹੈ। ਜੇ ਐਸਾ ਕੋਈ ਭਾਣਾ ਵਰਤੇ ਕਿ ਸਾਰੀ ਸ੍ਰਿਸ਼ਟੀ ਅੰਦਰ ਸਾਰੀ ਪ੍ਰਚੰਡ ਹੋਈ ਅਗਨੀਆਂ ਦੀ ਰੋਸ਼ਨੀ ਇਕ-ਦਮ ਬੁਝ ਜਾਏ ਅਤੇ ਕੁਛ ਖ਼ਾਸਾ ਅਰਸਾ ਬੁਝੀ ਹੀ ਰਹੇ ਅਤੇ ਉਸ ਦੇ ਪ੍ਰਚੰਡ ਕਰਨ ਦੇ ਸਾਰੇ ਜ਼ਰੀਏ ਫ਼ੇਲ੍ਹ ਹੋ ਜਾਣ ਤਾਂ ਕੀ ਇਸ ਤੋਂ ਇਹ ਨਤੀਜਾ ਕਢ ਲੈਣਾ ਚਾਹੀਦਾ ਹੈ ਕਿ ਅਗਨੀ ਦੀ ਹੋਂਦ ਹੀ ਮਿਟ ਗਈ। ਨਹੀਂ, ਨਹੀਂ, ਉਸ ਦੀ ਹੋਂਦ ਅਦ੍ਰਿਸ਼ਟ ਤੇ ਗੁਪਤ ਵਿਆਪਕਤਾ ਵਿਚ ਮਉਜੂਦ ਹੈ, ਕੇਵਲ ਉਸ ਦੇ ਪਰਗਟ ਕਰਨ ਤੇ ਪ੍ਰਚੰਡ ਕਰਨ ਦੇ ਜ਼ਰੀਏ ਗੁੰਮ ਹਨ ਯਾ ਫ਼ੇਲ੍ਹ ਹੋ ਗਏ ਹਨ। ਜਿਸ ਪ੍ਰਕਾਰ ਸਾਰੀ ਬਨਾਸਪਤ ਅੰਦਰ ਬੈਸੰਤਰ (ਅਗਨੀ) ਗੁਪਤ ਮਉਜੂਦ ਹੈ, ਏਸ ਪ੍ਰਕਾਰ ਸਰਬ ਘਟਾਂ, ਪਟਾਂ, ਤਟਾਂ, ਲੋਆਂ, ਦੀਪਾਂ, ਖੰਡਾਂ, ਬ੍ਰਹਮੰਡਾਂ, ਜਲਾਂ, ਥਲਾਂ, ਆਕਾਸ਼ਾਂ, ਪਾਤਾਲਾਂ ਅੰਦਰ ਅਦ੍ਰਿਸ਼ਟ ਅਗਮ ਅਗੋਚਰ ਪਾਰਬ੍ਰਹਮ ਪ੍ਰਭੂ ਪਰਮਾਤਮਾ ਗੁਪਤ ਜੋਤੀ ਸਰੂਪ ਹੋ ਕ



www.AKJ.Org

ਵਿਆਪਕ ਅਤੇ ਬਿਰਾਜਮਾਨ ਹੈ । ਯਥਾ ਗੁਰਵਾਕ—

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥੧॥
ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥
ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ ॥੧॥ਰਹਾਉ॥
ਗੁਣ ਨਿਧਾਨ ਨਾਨਕੁ ਜਸੁ ਗਾਵੈ ਸਤਿਗੁਰਿ ਭਰਮੁ ਚੁਕਾਇਓ ॥
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ॥੨॥੧॥੨੯॥

[ਸੋਰਠਿ ਮ: ੫, ਪੰਨਾ ੬੧੭

**ਇਸ** ਦਿਸਦੇ ਅਥਾਹ ਅਕਾਸ਼ ਪੁਲਾੜ ਅੰਦਰਿ ਜਿਥੇ ਅਣਗਿਣਤ ਅਨੇਕਾਂ ਲਖਾਂ ਕ੍ਰੋੜਾਂ ਅਰਬਾਂ ਖ਼ਰਬਾਂ ਦ੍ਰਿਸ਼ਟਮਾਨ ਖੰਡ ਮੰਡਲ ਬ੍ਰਹਿਮੰਡ, ਚੰਦ, ਸੂਰਜ, ਤਾਰੇ, ਸਤਾਰੇ ਪ੍ਰਗਟ ਤੌਰ ਤੇ ਮਉਜੂਦ ਹਨ, ਤਿਥੇ ਬੇਸ਼ੁਮਾਰ ਅਗਿਣਤ ਅਸੰਖ ਅਲੌਕਿਕ ਪਾਰਲੌਕਕ ਗੁਪਤ ਰਚਨਾ ਹੈ, ਜੋ ਏਹਨਾਂ ਅੱਖੀਆਂ ਦੀ ਬੀਨਾਈ ਤੋਂ ਅਪਰੰਪਰ ਹੈ। ਜਿਸਦੀ ਹੋਂਦ ਹਕੀਕੀ ਅਸਾਡੇ ਨੇੜੇ ਤੋਂ ਨੇੜੇ ਹੁੰਦਿਆਂ ਭੀ ਸਥੂਲ ਅੱਖਾਂ ਨੂੰ ਨਹੀਂ ਦੀਹਦੀ। ਹੋਰ ਤਾਂ ਹੋਰ, ਕੋਈ ਆਮ ਮਰਦਮ ਸ਼ਰੇਣੀਆ ਇਨਸਾਨ ਆਪਣੇ ਸਰੀਰ ਨੂੰ ਸੁਰਜੀਤ ਕਰ ਰਹੀ ਨਿਜ ਸਰੀਰ ਅੰਦਰ ਬਿਰਾਜ ਰਹੀ ਜੀਵ-ਆਤਮਾ-ਰੂਹ ਨੂੰ ਜੀਉਂਦੇ-ਜੀਅ ਨਹੀਂ ਦੇਖ ਸਕਦਾ। ਸਰੀਰ ਕਾਲਬ ਵਿਚੋਂ ਨਿਕਲਦੀ ਰੂਹ ਨੂੰ ਤਾਂ ਕਿਸੇ ਨੇ ਕੀ ਦੇਖ ਸਕਣਾ ਸੀ ? ਕੀ ਇਸ ਤੋਂ ਇਹ ਮੁਰਾਦ ਹੈ ਕਿ ਚੂੰਕਿ ਸਾਨੂੰ ਰੂਹ ਦਿਸਦੀ ਨਹੀਂ, ਇਸ ਕਰਕੇ ਰੂਹ ਦਾ ਵਜੂਦ (ਹੋਂਦ ਹਸਤੀ) ਹੀ ਕੋਈ ਨਹੀਂ। ਅਰੂਪ ਰੂਪ ਰਚਨਾ ਅਤੇ ਆਲਮੇ ਅਰਵਾਹ ਨੂੰ ਦੇਖਣ ਲਈ ਅਤਿ ਸੂਖਮ ਲੋਇਣਾਂ ਦੀ ਲੋੜ ਹੈ। ਜਿਹਨਾਂ ਨੂੰ ਇਹ ਲੋਇਣ ਲਗ ਗਏ ਹਨ ਉਹਨਾਂ ਇਸ ਪਿੰਡ (ਸਰੀਰ) ਅੰਦਰੋਂ ਹੀ ਅਨੇਕ ਪ੍ਰਕਾਰ ਦੇ ਗੁਪਤ ਨਜ਼ਾਰੇ ਪੇਖ ਪਰਖ ਲਏ ਹਨ। ਉਹ ਇਸ ਪ੍ਰਕਾਰ ਆਪਣੀ ਅੱਖੀਂ ਪੇਖੀ ਸਾਖੀ ਭਰਦੇ ਹਨ—

ਕਰਮੁ ਹੋਵੈ ਸਤਿਗੁਰੂ ਮਿਲਾਏ ॥ ਸੇਵਾ ਸੁਰਤਿ ਸਬਦਿ ਚਿਤੁ ਲਾਏ ॥
ਹਉਮੈ ਮਾਰਿ ਸਦਾ ਸੁਖੁ ਪਾਇਆ ਮਾਇਆ ਮੋਹੁ ਚੁਕਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਸਤਿਗੁਰ ਕੈ ਬਲਿਹਾਰਣਿਆ ॥
ਗੁਰਮਤੀ ਪਰਗਾਸੁ ਹੋਆ ਜੀ ਅਨਦਿਨੁ ਹਰਿ ਗੁਣ ਗਾਵਣਿਆ ॥੧॥ਰਹਾਉ॥
ਤਨੁ ਮਨੁ ਖੋਜੇ ਤਾ ਨਾਉ ਪਾਏ ॥ ਧਾਵਤੁ ਰਾਖੈ ਠਾਕਿ ਰਹਾਏ ॥
ਗੁਰ ਕੀ ਬਾਣੀ ਅਨਦਿਨੁ ਗਾਵੈ ਸਹਜੇ ਭਗਤਿ ਕਰਾਵਣਿਆ ॥੨॥
ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥ ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥੩॥ [ਮਾਝ ਮ: ੩, ਪੰਨਾ ੧੧੦

**ਜਿਨ੍ਹਾਂ** ਗੁਰਮੁਖਾਂ ਨੇ ਇਸ ਕਾਇਆਂ ਅੰਦਰ "ਵਸਤ ਅਸੰਖਾ" ਆਪਣੇ ਅੱਖੀਂ ਪੇਖੀਆਂ ਹਨ, ਓਹਨਾਂ ਨੂੰ ਗੁਰ-ਦੀਖਿਆ ਗੁਰਮੰਤ੍ਰ ਨਾਮ ਮਈ ਸੱਚ ਮਿਲ ਗਿਆ ਹੈ। ਇਸ ਨਾਮ ਦੀ ਕਮਾਈ ਕਰਕੇ ਓਹਨਾਂ ਨੂੰ ਅੰਦਰੋਂ ਹੀ ਅਸੰਖ ਅਦ੍ਰਿਸ਼ਟ ਵਸਤੂਆਂ ਲਭ ਗਈਆਂ ਹਨ। ਸੱਚੇ ਸਤਿਗੁਰੂ ਦਾ ਮਿਲਾਪ ਪਹਿਲਾਂ ਤਾਂ ਵਡੇ ਭਾਗਾਂ ਕਰਕੇ ਹੁੰਦਾ ਹੈ। ਸਤਿਗੁਰੂ ਭਟਿਆਂ ਸਤਿਗੁਰੂ ਪਾਸੋਂ ਗੁਰ-ਦੀਖਿਆ ਗੁਰਮੰਤ੍ਰ ਪ੍ਰਾਪਤ ਹੁੰਦਾ ਹੈ। ਫੇਰ ਸ਼ਬਦ ਸੁਰਤਿ ਦੀ ਪੂਰੀ ਜੁਗਤਿ ਦਾ ਪਤਾ ਲਗਦਾ ਹੈ ਅਤੇ ਇਸ ਭਗਤੀ ਦੁਆਰਾ ਅਭਿਆਸ ਕਮਾਈ ਮਈ ਸੇਵਾ ਵਿਚ ਅਭਿਆਸੀ ਜਨ ਦਾ ਚਿਤ ਤਤਪਰ ਹੋ ਜਾਂਦਾ ਹੈ। ਇਸ ਬਿਧਿ ਹਉਮੈ ਦਾ ਪੂਰਨ ਅਭਾਵ ਹੋਣ ਪਰ ਅਤੇ ਮਾਇਆ-ਮੋਹ ਦਾ ਬਿਨਾਸ ਹੋ ਜਾਣ ਪਰ ਸੱਚੇ ਆਤਮ-ਸੁਖ ਦੀ ਪ੍ਰਾਪਤੀ ਹੁੰਦੀ ਹੈ। ਸਤਿਗੁਰੂ ਸਾਹਿਬ ਦੇ ਲਖ ਲਖ ਵਾਰ ਬਲਿ ਬਲਿ ਜਾਈਐ, ਜਿਸ ਪ੍ਰਸਾਦਿ ਏਸ ਗਤਿ ਊਚ ਪਦ ਨੂੰ ਪ੍ਰਾਪਤ ਹੋਈਦਾ ਹੈ।



www.AKJ.Org

**ਰੂਹ ਤੇ ਸੂਖਮ ਰਚਨਾ—**

ਗੁਰਮਤੀ ਹੀ ਅੰਤਰ-ਆਤਮੇ ਜੋਤਿ ਦਾ ਪ੍ਰਗਾਸ ਹੁੰਦਾ ਹੈ ਅਤੇ ਰਿਦ ਜੋਤਿ ਪ੍ਰਗਾਸ ਹੋਣ ਪਰ ਅਖੰਡ ਕੀਰਤਨ ਦਾ ਅਖੰਡ ਰਸ ਬਝਦਾ ਹੈ। ਅਖੰਡ ਅਨੰਦ ਰਸ ਵਿਚ ਮਗਨ ਹੋਇਆਂ ਅਖੰਡਾਕਾਰ ਭਜਨ ਦਾ ਜੋਤਿ-ਵਿਗਾਸੀ ਅਭਿਆਸ ਛਿੜ ਪੈਂਦਾ ਹੈ ਤਾਂ ਤਨ ਮਨ ਅੰਦਰ ਜੋਤਿ-ਜਲਵਨੀ ਨਾਮ ਦੀ ਲਿਵਤਾਰ ਬੱਝ ਜਾਂਦੀ ਹੈ। ਰਸ-ਜੋਤਿ-ਵਿਗਾਸ ਦੇ ਪ੍ਰਾਇਣ ਹੋ ਕੇ ਸੁਆਸਾਂ ਨੂੰ ਅਭਿਆਸੀ ਜਨ ਨਾਭੀ ਅੰਦਰ ਹੀ ਅਟਕਾ ਲੈਂਦਾ ਹੈ। ਇਸ ਬਿਧਿ ਮਨ ਦੀਆਂ ਸਭ ਵਾਸ਼ਨਾਵਾਂ ਠਾਕ ਰਹਾਉਂਦੀਆਂ ਹਨ। ਸਹਜ ਭਗਤਿ ਕੀਰਤਨ ਆਨੰਦ ਦਾ ਰਸ ਅਗੰਮੀ ਖੇੜਾ ਏਥੇ ਹੀ ਬਝਦਾ ਹੈ। ਏਸ ਆਤਮ-ਬਿਵਸਥਾ ਨੂੰ ਪੁਜ ਕੇ ਕਾਇਆਂ ਅੰਦਰ ਹੀ ਅਸੰਖਾਂ ਅਲੌਕਿਕ ਵਸਤੂਆਂ ਦੇ ਦਿਬ-ਜੋਤੀ ਦਰਸ਼ਨ ਹੁੰਦੇ ਹਨ। ਨਉ ਦਰਵਾਜਿਆਂ ਵਾਲੇ ਗਿਆਨ-ਇੰਦਰੇ ਏਥੇ ਬੰਦ ਹੋ ਜਾਂਦੇ ਹਨ ਅਤੇ ਅਨਹਦ ਸ਼ਬਦਾਰੜਾ ਮੁਕਤਿ ਦੁਆਰਾ ਦਸਮ ਦੁਆਰਾ ਖੁਲ੍ਹ ਜਾਂਦਾ ਹੈ। ਗੁਰੂ ਕਾ ਸ਼ਬਦ ਜਪਦਿਆਂ ਜਪਦਿਆਂ ਰਸਨ ਰਟਨਾਤਰੀ ਨਾਮ ਪਾਰਸ ਅਭਿਆਸ ਕਲਾ ਦੁਆਰਾ ਹਿਰਦੇ ਅੰਦਰ ਰਸ-ਜੋਤਿ ਪਵਨਾਤ੍ਰੀ ਸੀਤਲਤਾ ਪਸਰਾਇ ਦਿੰਦਾ ਹੈ। ਓਹੀ ਅਜਪਾ ਜਾਪੀ ਨਾਮ ਅੰਤਰਗਤਿ ਹੀਰੇ ਮਣੀ ਲਾਲ ਵਾਂਗੂੰ ਦਗ ਉਠਦਾ ਹੈ, ਨਾਲ ਸੀਤਲਤਾ ਭਰਿਆ ਜਗਮਗੀ ਥੱਰਾਟ, ਰੰਗ ਚਲੂਲੜੀਆ ਆਭਾ ਮਾਰ ਉਠਦਾ ਹੈ। ਇਸ ਰਸ-ਥੱਰਾਟ ਦਾ ਸੁਆਦ ਅਗਾਧ ਹੁੰਦਾ ਹੈ ਅਤੇ ਲਾਲ ਮਣੀਆਏ ਰਤਨਾਏ ਹੀਰੇ ਹੀਰ ਬਿਧੰਨੇ ਨਾਮ ਦੀ ਦੱਗ ਜੱਗ-ਮੱਗ ਆਮ ਲਾਲਾਂ ਜਵਾਹਰਾਂ ਨਾਲੋਂ ਹਜ਼ਾਰ ਗੁਣੇ ਚਾਨਣੇ ਵਾਲੀ ਕੋਟ ਸੂਰਜਾਂ ਦੇ ਉਜਿਆਰੇ ਨੂੰ ਮਾਤ ਕਰਨਹਾਰੀ ਹੁੰਦੀ ਹੈ ਅਤੇ ਇਸ ਅਮੋਲਕ ਲਾਲ ਦੀ ਪਰਖ ਕੇਵਲ ਓਸੇ ਗੁਰਮੁਖਿ ਜੌਹਰੀ ਤੋਂ ਪਰਖੀ ਜਾਂਦੀ ਹੈ ਜਿਸਦੇ ਰੋਮ ਰੋਮ ਅੰਗ ਅੰਗ ਅੰਦਰ ਅਣੀ ਕਣੀ ਹੋਇ ਇਹ ਹੀਰਾ ਲਾਲ ਪਰੁੰਨਿਆ ਗਿਆ ਹੈ। ਇਹ ਪਰਮ ਸਚੁ ਹੈ, ਜਿਸ ਦੀ ਸੁੰਧਕ ਵਿਚ ਬੜੇ ਬੜੇ ਮਹਾਤਮਾ ਸ਼ੁਦਾਈ ਹੋ ਗਏ, ਪਰ ਓਹਨਾਂ ਨੂੰ ਨਾ ਮਿਲਿਆ। ਜਿਸ ਦੇ ਪੱਲੇ ਇਹ ਨਾਮ ਲਾਲ ਰੂਪੀ ਸਚੁ ਪਵੈ, ਸੋਈ ਇਸ ਪੁੰਜ ਪ੍ਰਮਾਰਥੀ ਸਚੁ ਨੂੰ ਪਛਾਣਦੇ ਹਨ, ਸੋਈ ਇਸ ਦੀ ਅਪਰ ਅਪਾਰ ਕੀਮਤ ਨੂੰ ਜਾਣਦੇ ਤੇ ਹਰਿ ਹਰਿ ਹੀਰੇ ਰਤਨ ਲਾਲ ਨਾਮੁ ਮਈ ਸਚੁ ਨੂੰ ਚਵਿ ਚਵਿ ਵਖਾਣਦੇ ਹਨ। ਇਸ ਦਾ ਚਵਿ ਚਵਿ ਵਖਾਨਣਾ ਹੀ ਇਸ ਦੀ ਕੀਮਤ ਨੂੰ ਜਾਨਣਾ ਹੈ ਅਤੇ 'ਸਚੁ' ਕਸਵਟੀ ਉਤੇ ਲਾਵਣਾ ਹੈ। ਗੁਰੂ ਗੁਰੂ ਕਰਨਾ ਵਾਹਿਗੁਰੂ ਵਾਹਿਗੁਰੂ ਕਰਨਾ ਹੀ ਤੱਤ ਬੀਜ ਮੰਤ੍ਰਾਵਨੀ ਗੁਰੂ ਕੀ ਬਾਣੀ ਹੈ। ਇਸ ਗੁਰੂ ਗੁਰੂ ਵਾਹਿਗੁਰੂ ਨੂੰ ਸਾਲਾਹੀ ਵਾਹੁ ਵਾਹੁ ਚਵਾਹੀ ਜਾਣਾ ਤੱਤ ਗੁਰਬਾਣੀ ਨੂੰ ਮਨ ਅੰਦਰ ਵਸਾਵਣਾ ਹੈ। ਇਉਂ ਇਸ ਪਾਰਸ ਨਾਲ ਸੁਪਰਸ ਕੇ ਬਿਸਮ ਰਸ ਕੇ ਜੋਤੀ ਜੋਤਿ ਮਿਲਵਣੇ (ਮਿਲਾਣਹਾਰ) ਗੁਰਮੁਖਿ ਨਾਮ ਰਸੀਅੜੇ ਹੰਸਲੇ ਜਨ ਅੰਜਨ ਮਾਹਿ ਹੀ ਨਿਰੰਜਨ ਨੂੰ ਪਾ ਲੈਂਦੇ ਹਨ ਅਤੇ ਜੀਊਂਦੇ-ਜੀਅ ਜੋਤੀ ਸਰੂਪ ਵਾਹਿਗੁਰੂ ਦੀ ਜੋਤਿ ਵਿਚ ਘੁਲ ਮਿਲ ਰਹਿੰਦੇ ਹਨ। ਏਹਨਾਂ ਅਮਿਉ ਰਸਾਇਣੀ ਪਾਰਸਲੇ ਗੁਰਮੁਖਿ ਹੰਸਾਂ ਦੀ ਕੰਚਨ-ਵੰਨੀ ਕਾਇਆਂ ਅੰਦਰ ਬਹੁ ਬਹੁ ਬਿਧਿ ਭਾਂਤੀ ਜੋਤਿ ਉਦੋਤੀ ਪਸਾਰਾ ਪਸਰ ਉਠਦਾ ਹੈ, ਅਗਮ ਅਪਾਰ ਜੋਤਿ ਨਿਰੰਜਨੀ ਨਾਮ ਅਤੇ ਖ਼ੁਦ ਜੋਤੀ ਸਰੂਪ ਨਾਮੀ ਨਿਰੰਜਨ ਵਾਹਿਗੁਰੂ ਭੀ ਕਾਇਆਂ ਅੰਦਰ ਹੀ ਆਣਿ ਉਦੇ ਹੁੰਦਾ ਹੈ। ਪ੍ਰੰਤੂ ਵਾਹਿਗੁਰੂ ਦਾ ਗੁਰਮੁਖਿ ਸਿਖ ਅਨਿੰਨ ਸੇਵਕ ਭਗਤ ਹੀ ਕੋਈ ਹੋਵੇ, ਸੋ ਇਸ਼ ਪਰਮ ਪਦਵੀ ਨੂੰ ਪਾਏ। ਐਸੇ ਗੁਰਸਿੱਖਾਂ ਨੂੰ ਵਾਹਿਗੁਰੂ ਆਪੇ ਹੀ ਬਖਸ਼ਸ਼ ਕਰ ਕੇ ਮਿਲਾਇ ਲੈਂਦਾ ਹੈ, ਜੈਸਾ ਕਿ ਇੰਨ ਬਿੰਨ ਅਗਲੇ ਗੁਰਵਾਕ ਦਾ ਭਾਵ ਹੈ। ਯਥਾ ਗੁਰਵਾਕ—

ਅੰਦਰਿ ਹੀਰਾ ਲਾਲੁ ਬਣਾਇਆ ॥ ਗੁਰ ਕੈ ਸਬਦਿ ਪਰਖਿ ਪਰਖਾਇਆ ॥
ਜਿਨ ਸਚੁ ਪਲੈ ਸਚੁ ਵਖਾਣਹਿ ਸਚੁ ਕਸਵਟੀ ਲਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਗੁਰ ਕੀ ਬਾਣੀ ਮੰਨਿ ਵਸਾਵਣਿਆ ॥
ਅੰਜਨ ਮਾਹਿ ਨਿਰੰਜਨੁ ਪਾਇਆ ਜੋਤੀ ਜੋਤਿ ਮਿਲਾਵਣਿਆ ॥੧॥ਰਹਾਉ॥
ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ॥ ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ॥
ਗੁਰਮੁਖਿ ਹੋਵੈ ਸੋਈ ਪਾਏ ਆਪੇ ਬਖਸਿ ਮਿਲਾਵਣਿਆ ॥੨॥ [ਮਾਝ ਮ: ੩, ਪੰਨਾ ੧੨੨

[ 'ਅਨਹਦ ਸ਼ਬਦ ਦਸਮ ਦੁਆਰ' ਪੁਸਤਕ ਵਿਚੋਂ

www.AKJ.Org

# ਭਾਈ ਲਾਲ ਸਿੰਘ ਜੀ ਸਰਬਲੋਹੀ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਜਥੇ ਦੀਆ ਕੀਰਤਨੀ ਵਿਅਕਤੀਆਂ ਵਿਚੋਂ ਅਖੰਡ ਕੀਰਤਨ ਦੀ ਅਉਧ ਵਾਲੀ ਇਕ ਵਿਅਕਤੀ ਇਹ ਸਿਰੀ ਭਾਈ ਲਾਲ ਸਿੰਘ ਜੀ ਦੀ ਹਸਤੀ ਸੀ। ਕੀਰਤਨ ਕਰਦੇ ਹੋਏ ਮਹੀਨ ਸੁਰ ਦੀਆਂ ਅਖੰਡ ਧੁਨੀਆਂ ਇਸ ਵੀਰ ਦੇ ਮੁਖਾਰਬਿੰਦ ਤੋਂ ਨਿਕਲਦੀਆਂ ਸਨ, ਦਿਲ-ਚੀਰਵੀਆਂ ਨਿਕਲਦੀਆਂ ਸਨ। ਮਹੀਨ ਤੋਂ ਮਹੀਨ ਸੁਰ ਸਪੱਸ਼ਟ ਅਵਾਜ਼ਿਆਂ ਵਿਚ ਸਾਰੀ ਸੰਗਤ ਨੂੰ ਨਿਖਰਵੀਂ ਤੇ ਨਿਰਾਲੀ ਸੁਣਾਈ ਦੇਂਦੀ ਸੀ। ਐਸੇ ਵਜਦ ਵਿਚ ਕੀਰਤਨ ਕਰਨਾ ਕਿ ਸਰੋਤਿਆਂ ਦੇ ਦਿਲ ਹਿਲਾ ਦੇਣੇ, ਅਥੱਕ ਕੀਰਤਨ ਦੇ ਧਨੀ ਸਨ। ਕੀਰਤਨ ਕਰਦੇ ਕਰਦੇ ਰੱਜਣਾ ਨਾ, ਨਾ ਸਰੋਤਿਆਂ ਨੇ ਰੱਜਣਾ। ਸਾਰੀ ਸਾਰੀ ਰਾਤ ਲਗਾਤਾਰ ਕੀਰਤਨ ਕਰਨ ਵਾਲਿਆਂ ਵਿਰਲੇ ਜਨਾਂ ਵਿਚੋਂ ਇਹ ਪ੍ਰੇਮ-ਮੂਰਤੀ ਇਕ ਵਿਰਲੀ ਸੀ, ਜਿਸ ਨੇ ਪੂਰਨ ਸਾਵਧਾਨਤਾ ਵਿਚ ਕੀਰਤਨ ਸਦਾ ਕਰਨਾ। ਤਾਊਸ (ਮੋਰ) ਦਾ ਸਾਜ਼ ਵਜਾਉਣ ਵਿਚ ਵੀ ਪ੍ਰਬੀਨ ਸਨ। ਇਸ ਕਰਕੇ ਇਨ੍ਹਾਂ ਦਾ ਨਾਮ 'ਮੋਰ ਵਾਲਾ ਭਾਈ ਲਾਲ ਸਿੰਘ ਕੀਰਤਨੀਆ' ਪਿਆ ਹੋਇਆ ਸੀ। ਹਾਰਮੋਨੀਅਮ ਵਾਜਾ ਇਨ੍ਹਾਂ ਦੇ ਹੱਥਾਂ ਵਿਚ ਆਇਆ ਆਪ-ਮੁਹਾਰੀਆਂ ਸੁਰ-ਤਰੰਗਾਂ ਕੱਢ ਕੱਢ ਕੇ ਵਜਾਣਹਾਰੇ ਵੀਰ ਲਾਲ ਸਿੰਘ ਨੂੰ ਹਾਰਮੋਨੀਅਮ ਰੂਪ ਹੀ ਕਰ ਲੈਂਦਾ ਸੀ। ਮਸਤੁਲ-ਮਸਤ ਹੋ ਕੇ ਕੀਰਤਨ ਕਰਦਿਆ ਹੋਇਆ ਭਾਈ ਲਾਲ ਸਿੰਘ ਜੀ ਨੇ ਲਿਫ ਲਿਫ ਕੇ ਵਾਜੇ ਉਤੇ ਮੇਹਲਣਾ। ਕੁਦਰਤੀ ਇਨ੍ਹਾਂ ਦੀ ਅਵਾਜ਼ ਵੀ ਮਹੀਨ ਹੀ ਸੀ, ਪਰ ਰੰਗਾਂ ਵਿਚ ਆ ਕੇ ਇਨ੍ਹਾਂ ਦੀ ਇਸ ਅਵਾਜ਼-ਮਹੀਨਤਾ ਦੀ ਪ੍ਰਬੀਨਤਾ ਹੋਰ ਵੀ ਵਧੇਰੀ ਹੋ ਜਾਣੀ। **ਕੀਰਤਨ ਕਰਦਿਆਂ ਹੋਇਆਂ ਬਾਣੀ ਦੇ ਭਾਵ ਨੂੰ ਖ਼ੂਬ ਸਮਝਣਾ ਤੇ ਸਮਝ ਸਮਝ ਕੇ ਉਪਰ ਚੜ੍ਹਨਾ, ਤੇ ਚੜ੍ਹਦੇ ਹੀ ਜਾਣਾ। ਆਪ ਜਦੋਂ ਵੀ ਸ਼ਬਦ ਲੈਂਦੇ ਸਨ, ਨਿਰੇ ਵੈਰਾਗ-ਮਈ ਹੀ ਸ਼ਬਦ ਲੈਂਦੇ ਸਨ ਤੇ ਪ੍ਰੇਮ-ਵੈਰਾਗ ਵਿਚ ਭਿਜ ਭਿਜ ਕੇ ਐਸਾ ਵੈਰਾਗ ਭਰਿਆ ਕੀਰਤਨ ਕਰਨਾ ਕਿ ਇਨ੍ਹਾਂ ਦੀਆਂ ਆਪਣੀਆਂ ਅੱਖੜੀਆਂ ਭੀ ਨੀਰੋ ਨੀਰ ਹੋ ਕੇ ਵੈਰਾਗ ਨਾਲ ਵਹਿ ਤੁਰਨੀਆਂ।**

ਇਹ ਵੀਰ ਲਾਲ ਸਿੰਘ ਪਿੰਡ ਧਾਂਦਰਾ ਜ਼ਿਲਾ ਲੁਧਿਆਣਾ ਦੇ ਨਿਵਾਸੀ ਸਨ। ਇਨ੍ਹਾਂ ਦਾ ਪਿਛਾ ਰਹਿਤੀਆਂ ਸਿੰਘਾਂ ਦੀ ਪੁਰਾਤਨ ਸ਼ਰੇਣੀ ਵਿਚੋਂ ਸੀ। ਅੰਮ੍ਰਿਤ ਛਕਣ ਸਾਰ ਹੀ ਆਪਣੀ ਸਿੰਘਣੀ ਸਮੇਤ ਪੱਕੇ ਬਿਬੇਕੀ ਸਰਬਲੋਹੀਏ ਸਿੰਘ ਸਜ ਗਏ। ਸਮੂਹ ਜਥੇ ਨੇ ਇਨ੍ਹਾਂ ਦੀ ਨਗਰੀ ਵਿਚ ਜਾ ਕੇ ਹੀ ਅੰਮ੍ਰਿਤ ਛਕਾਇਆ ਤੇ ਅਭੇਦ ਕਰ ਲੀਤਾ। ਸਾਰੀ ਪੁਰਾਣੀ ਬਰਾਦਰੀ ਵਿਚੋਂ ਨਿਖੜ ਕੇ ਇਹ ਜੋੜੀ ਨਿਰੋਲ ਅਟੰਕ ਹੋ ਗਈ। ਬਰਾਦਰੀ ਵਿਚੇ ਹੀ ਰਹਿ ਕੇ ਸਭ ਸੰਸਾਰੀ ਸੰਸਕਾਰਾਂ ਤੋਂ ਸਦਾ ਹੀ ਨਿਰਲੇਪ ਰਹੇ। ਇਨ੍ਹਾਂ ਦੇ ਨਾਲ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ, ਜਿਨ੍ਹਾਂ ਨੇ ਸਿਰ ਤਲੀ ਤੇ ਰਖ ਕੇ ਗੁਰਮਤਿ ਰਹਿਣੀ ਬਹਿਣੀ ਦੀ ਤਿਖੀ ਖੰਡੇਧਾਰ ਉਪਰ ਚਲਣਾ ਕਬੂਲ ਕੀਤਾ। ਸਾਰਾ ਧਾਂਦਰਾ ਪਿੰਡ ਇਨ੍ਹਾਂ ਦੇ ਅੰਮ੍ਰਿਤ-ਸਮਾਗਮ ਤੇ ਢੁਕੋ ਢੁਕ ਇਕੱਠਾ ਹੋ ਗਿਆ। ਪਰ ਇਨ੍ਹਾਂ ਦੇ ਨਾਲ ਇਕੋ ਅੰਮ੍ਰਿਤ ਦੇ ਬਾਟੇ ਵਿਚ ਅੰਮ੍ਰਿਤ ਛਕਣ ਲਈ ਇਨ੍ਹਾਂ ਦਾ ਸੁਨਹਿਰੀਆ ਸਿੰਘ ਵੀਰ ਸਜਣ ਲਈ ਕਿਸੇ ਦੀ ਹਿੰਮਤ ਨ ਪਈ, ਨ ਹੀ ਕੋਈ ਇਨ੍ਹਾਂ ਵਾਲੀ ਕਸੌਟੀ ਤੇ ਚੜ੍ਹਿਆ। ਲਾਂਭੇ ਚਾਂਭੇ ਦੇ ਨੇੜ ਤੇੜੇ ਪਿੰਡਾਂ ਤੋਂ ਹੋਰ ਭੀ ਬਹੁਤ ਸਾਰੀਆਂ ਸੰਗਤਾਂ ਉਮਡ ਉਮਡ ਕੇ ਆਈਆਂ ਤੇ ਕੀਰਤਨ ਕਰਦੀਆਂ ਆਈਆਂ। ਜਥੇ ਦੀ ਦਰਿਆ-ਦਿਲੀ ਦੀਆਂ ਧਾਂਕਾਂ ਤਾਂ ਅਗੇ ਹੀ ਪਈਆਂ ਹੋਈਆਂ ਸਨ, ਇਸ ਸਮੇਂ ਤਾਂ ਖ਼ਾਸ ਅਤੁਟ ਦੇਗਾਂ ਚਲੀਆਂ, ਮਹਾਂ ਪ੍ਰਸ਼ਾਦ (ਕੜਾਹ ਪ੍ਰਸ਼ਾਦ) ਦੀ ਦੇਗ ਵੀ ਬੜੀ ਅਤੁੱਟ ਸੀ। ਸਿਰੀ ਭਾਈ ਲਾਲ ਸਿੰਘ ਜੀ ਨੂੰ ਅੰਮ੍ਰਿਤ ਛਕਾ ਕੇ ਅਤੇ ਅਭੇਦ ਕਰ ਕੇ ਏਨ੍ਹਾਂ ਦੇ ਹੱਥੋਂ ਹੀ ਕੜਾਹ ਪ੍ਰਸ਼ਾਦ ਦੀ ਦੇਗ ਦੇ ਛਾਂਦੇ ਵਰਤਾਏ ਗਏ। ਇਸ ਬਿਧਿ ਅਭੇਦ ਵਰਤਾਰਾ ਵਰਤਾਇਆ ਗਿਆ, ਆਈਆਂ ਸੰਗਤਾਂ ਦੇ ਸਮੂਹ ਇਸ ਵਰਤਾਰੇ ਨਾਲ ਵਰੋਸਾਇ ਗਏ। ਹਿੰਦਵੈਣ ਦੀ



www.AKJ.Org

ਹਰੇਕ ਊਚ ਨੀਚ ਸ਼ਰੇਣੀ ਨੇ ਇਹ ਛਾਂਦੇ ਪ੍ਰਸੰਨ ਹੋ ਕੇ ਛਕੇ। ਅਣ-ਗਿਣਤ ਆਈ ਲੁਕਾਈ ਉਦਾਲੇ-ਪੁਦਾਲੇ ਦੇ ਸਾਰੇ ਪਿੰਡਾਂ ਦੀ ਖ਼ੂਬ ਰਜ ਰਜ ਕੇ ਗਈ। ਪਰੰਤੂ ਲੰਗਰ ਦੀਆਂ ਦੇਗਾਂ ਛਕਣ ਲਈ ਵਿਰਲੇ ਵਿਰਲੇ ਹੀ ਮਾਈ ਦੇ ਲਾਲ ਨਿਤਰੇ।

ਪਿੰਡ ਫੁੱਲਾਂਵਾਲ ਦਾ ਇਕ ਸਿੰਘ ਬਜ਼ੁਰਗ ਭਾਈ ਨੰਦ ਸਿੰਘ ਨਾਮੇ ਸੀ, ਉਸ ਦੀ ਅਸੀਂ ਵਖਰੀ ਪੰਗਤ ਨਾਲ ਹੀ ਲਾ ਦਿਤੀ, ਜਿਸ ਦਾ ਕਾਰਨ ਇਹ ਸੀ ਕਿ ਇਹ ਸਿੰਘ ਸੂਰਬੀਰ ਰੱਜਣ ਵਿਚ ਕਦੇ ਨਹੀਂ ਆਇਆ ਸੀ, ਜਦ ਸਾਰੀ ਸੰਗਤ ਪੰਗਤ ਵਿਚ ਬਿਠਾ ਦਿੰਦੇ ਤਾਂ ਇਹ ਵਿਚਾਰਾ ਭੁਖਾ ਹੀ ਉਠਦਾ। ਵਖਰੇ ਬੈਠਣ ਸਾਰ ਹੀ ਹੱਸ ਕੇ ਕਹਿਣ ਲਗਾ, "ਇਹ ਤੁਸੀਂ ਖ਼ੂਬ ਬੁੱਝੀ, ਪਰ ਅੱਜ ਮੈਂ ਨਿਰੋਲ ਕੜਾਹ ਪ੍ਰਸ਼ਾਦ ਦੇ ਗਫਿਆਂ ਨਾਲ ਹੀ ਰੱਜਣਾ ਹੈ। ਵੇਖਾਂਗਾ ਮੈਨੂੰ ਰਜਾਂਦੇ ਹੋ ਕਿ ਨਹੀਂ।" ਕੜਾਹ ਪ੍ਰਸ਼ਾਦ ਦੀ ਦੇਗ ਵੀ ਅਤੁੱਟ ਸੀ, ਖ਼ੂਬ ਉਛਲਮੇ ਉਂਜਲ ਭਰ ਭਰ ਕੇ ਸਿਰੀ ਭਾਈ ਨੰਦ ਸਿੰਘ ਜੀ ਨੂੰ ਕੜਾਹ ਪ੍ਰਸ਼ਾਦ ਛਕਾਇਆ, ਉਹ ਵੀ ਗੋਲੇ ਵੱਟ ਵੱਟ ਅੰਦਰ ਸੁਟੀ ਜਾਣ ਤੇ ਵਰਤਾਉਣਹਾਰਾ ਸਿੰਘ ਵੀ ਪਿੰਨੇ ਵੱਟ ਵੱਟ ਕੇ ਉਨ੍ਹਾਂ ਦੇ ਅਗੇ ਧਰੇ ਬਾਟੇ ਵਿਚ ਸੁਟੀ ਜਾਵੇ। ਭਾਈ ਨੰਦ ਸਿੰਘ ਜੀ ਖ਼ੂਬ ਪ੍ਰਸੰਨ-ਚਿਤ ਹੋ ਕੇ ਛਕੀ ਜਾਣ, ਮਸਤੀ ਦੀ ਖ਼ੁਮਾਰੀ ਵਿਚ ਅੱਖੀਆਂ ਨੂਟੀਆਂ ਹੋਈਆਂ ਪਤਾ ਨਹੀਂ ਕਿੰਨੇ ਬਾਟੇ ਪੰਚਾ-ਅੰਮ੍ਰਿਤ (ਕੜਾਹ ਪ੍ਰਸ਼ਾਦ) ਨਾਲ ਭਰੇ ਹੋਏ ਸਮੇਟ ਗਏ। ਛਕਾਉਣ ਵਾਲਿਆਂ ਦਾ ਅਨੁਮਾਨ ਹੈ ਕਿ ਘਟੋ ਘਟ ਧੜੀ ਪੱਕਾ (ਦਸ ਸੇਰ) ਕੜਾਹ ਪ੍ਰਸ਼ਾਦ ਭਾਈ ਨੰਦ ਸਿੰਘ ਜੀ ਛਕ ਗਏ ਹੋਣਗੇ। ਜਦੋਂ ਉਨ੍ਹਾਂ ਨੇ ਹੱਥ ਜੋੜ ਕੇ ਨਾਂਹ ਕੀਤੀ, ਤਦੋਂ ਹੀ ਛਕਾਊਣਹਾਰੇ ਹੋਰ ਛਾਂਦਾ ਪਾਣੋਂ ਹਟੇ। ਦਾਸ ਨੂੰ ਯਾਦ ਹੈ ਕਿ ਚੋਜ ਬਿਨੋਦੀ ਭਾਈ ਨੰਦ ਸਿੰਘ ਜੀ ਨੇ ਬੜੀਆਂ ਹੀ ਅਸੀਸਾਂ ਇਸ ਪ੍ਰਸੰਨਤਾਈ ਵਿਚ ਦਿਤੀਆਂ। ਦਾਸ ਨੂੰ ਸਨਮੁਖ ਹੋ ਕੇ ਹੰਸੂ ਹੰਸੂ ਕਰਦੇ ਮੁਖੜੇ ਨਾਲ ਇਉਂ ਉਚਾਰਨ ਕਰਨ ਲਗੇ, "ਭਾਈ ਰਣਧੀਰ ਸਿੰਘਾ, ਅਜ ਮੈਨੂੰ ਕੜਾਹ ਪ੍ਰਸ਼ਾਦ ਛਕ ਕੇ ਪੂਰਾ ਪੂਰਾ ਰੱਜ ਆਇਆ ਹੈ। ਮੈਨੂੰ ਅਜ ਤਾਈਂ ਕਿਸੇ ਨੇ ਨਹੀਂ ਰਜਾਇਆ, ਕੇਵਲ ਇਸ ਭਾਗੀ ਭਰੇ ਜੱਥੇ ਨੇ ਹੀ ਰਜਾਇਆ ਹੈ। ਸਤਿਗੁਰੂ ਦੇਗ ਤੇਗ ਫਤਹ ਸਦਾ ਹੀ ਰਖੇ।" ਫੇਰ ਖੜੇ ਹੋ ਕੇ ਖਬੇ ਹੱਥ ਨਾਲ ਭਰਪੂਰ ਹੋਏ ਢਿੱਡ ਨੂੰ ਪਲੋਸਦੇ ਹੋਏ ਅਤੇ ਸੱਜੇ ਹੱਥ ਵਿਚ ਤੀਰ ਉਲਾਰ ਕੇ ਸਾਰੀਆਂ ਦੂਰ ਬੈਠੀਆਂ ਸੰਗਤਾਂ ਸਾਹਵੇਂ ਵੰਗਾਰ ਵੰਗਾਰ ਕੇ ਪੁਕਾਰਨ ਲਗੇ, "ਖੁਆਰ ਹੋਏ ਸਭ ਮਿਲੇਗੀ ਸਭ ਲੱਲੀ ਛੱਲੀ"। ਇਹ ਉਹ ਸਮਾਂ ਸੀ ਜਦੋਂ ਅਜੇ ਆਮ ਅਭੇਦਤਾਈ ਨਹੀਂ ਹੋਣ ਲੱਗੀ ਸੀ।

ਸਿਰੀ ਭਾਈ ਲਾਲ ਸਿੰਘ ਜੀ ਨੂੰ ਸਮੇਤ ਉਨ੍ਹਾਂ ਦੀ ਦਸਤਾਰ ਸਜੀ ਸੁਚੱਜੀ ਸੁਪਤਨੀ ਦੇ ਅਭੇਦ ਕਰਕੇ ਅਤੇ ਅਭੇਦ ਵਰਤਾ ਕੇ ਜੱਥੇ ਨੇ ਉਥੋਂ ਵਹੀਰਾਂ ਵਾਪਸ ਘਤੀਆਂ। ਇਹ ਲਾਲਾਂ ਦੀ ਜੋੜੀ ਸਿੱਖੀ ਸਿਦਕ ਭਰੋਸੇ ਵਿਚ ਐਸੀ ਦ੍ਰਿੜ੍ਹ ਰਹੀ ਕਿ ਸਾਰੀ ਉਮਰ ਕਾਇਮ ਦਾਇਮ ਹੋ ਕੇ ਸਿੱਖੀ ਕੇਸਾਂ ਸਵਾਸਾਂ ਤਕ ਨਿਬਾਹੀ। ਭਾਈ ਲਾਲ ਸਿੰਘ ਜੀ ਦੀ ਦੇਹੀ ਸਰੀਰ ਕਰਕੇ ਬੜੀ ਹਲਕੀ ਫੁਲਕੀ ਦੁਬਲੀ ਪਤਲੀ ਸੀ, ਪਰ ਸੂਰਬੀਰਤਾ ਦਾ ਜੁੱਸਾ ਉਨ੍ਹਾਂ ਦੀ ਰਗੋ ਰੇਸ਼ੇ ਵਿਚ ਐਸਾ ਭਰਿਆ ਹੋਇਆ ਸੀ ਕਿ ਜਿਥੇ ਵੀ ਪਰ-ਉਪਕਾਰ-ਮਈ ਬੀਰਤਾ ਦਾ ਦੰਗਲ ਬੱਝਣਾ, ਤਿਥੇ ਤਿਥੇ ਇਸ ਵੀਰ ਨੇ ਸ਼ੇਰ ਬੱਬਰ ਵਾਂਗੂ ਮੂਹਰਲੇ ਮੋਰਚੇ ਤੇ ਗੱਜਣਾ।

ਇਕ ਮਿਸਾਲ ਕਾਫ਼ੀ ਹੈ: ਜਦੋਂ ਭਾਣੇ ਅੰਦਰ ਅਸੀਂ ਜਥੇ ਸਮੇਤ ਨਜ਼ਰਬੰਦ ਹੋ ਕੇ ਲੁਧਿਆਣੇ ਜੇਲ੍ਹ ਵਿਚ ਜਾ ਬਿਰਾਜੇ, ਓਦੋਂ ਇਹ ਵੀਰ ਕਿਸੇ ਗੁਪਤ-ਮੰਡਲ ਵਿਚ ਹੀ ਬਿਚਰ ਰਹੇ ਸਨ। ਇਨ੍ਹਾਂ ਨੂੰ ਜਥੇ ਦੇ ਵੀਰਾਂ ਦੀ ਗ੍ਰਿਫ਼ਤਾਰੀ ਦਾ ਪਤਾ ਹੀ ਨਹੀਂ ਲਗਣਾ ਪਾਇਆ ਸੀ। ਜਦੋਂ ਪਤਾ ਲਗਾ ਤਾਂ ਲੂਹਰੀਆਂ ਲੈਣ ਕਿ ਯਾ ਤਾਂ ਖ਼ੁਦ ਜੇਲ੍ਹ ਦੇ ਅੰਦਰ ਜਾ ਵਜੀਏ ਯਾ ਪੁਰਾਤਨ ਸਿੰਘਾਂ ਵਾਂਗੂ ਜੇਲ੍ਹ ਤੇ ਧਾਵਾ ਕਰ ਕੇ ਜਾ ਗੱਜੀਏ ਤੇ ਸਾਰੇ ਵੀਰਾਂ ਨੂੰ ਜੇਲ੍ਹੋਂ ਬਾਹਰ ਕਢ ਲਿਆਈਏ। ਗੋਰਾ-ਸ਼ਾਹੀ ਦੀ ਉਸ ਸਮੇਂ ਦੀ ਪੁਲਸ ਅਤੇ ਮਨ ਖ਼ੁਟ ਪੁਲਸ ਅਫ਼ਸਰ ਸਾਡਾ ਜੇਲ੍ਹ ਅੰਦਰ ਭੀ ਬੜਾ ਹੀ ਪਹਿਰਾ ਰਖਦੇ ਸਨ। ਮੁਕੱਦਮਾ ਚਲਾਉਣ ਲਈ ਸਬੂਤਾਂ ਦੇ ਬਾਨ੍ਹਣੂ ਬੰਨ੍ਹਦੇ ਫਿਰਦੇ ਸਨ। ਨਿਤ ਨਵਾਂ ਰੀਮਾਂਡ ਲੈਂਦੇ ਸਨ, ਇਉਂ ਹੀ ਨਜ਼ਰਬੰਦੀ ਦੀ ਮਿਆਦ ਤੇ ਵਕਤ


www.AKJ.Org

ਵਧਾਈ ਜਾਂਦੇ ਸਨ । ਇਕ ਨਹੀਂ, ਕਈ ਕਈ ਰੀਮਾਂਡਾਂ ਦੀਆਂ ਕਿਸ਼ਤਾਂ ਹੋਈਆਂ ਤੇ ਮਹੀਨਿਆਂ ਬਧੀ ਨਜ਼ਰਬੰਦ ਸਿੱਖਾਂ ਦੀਆਂ ਫ਼ੌਜਾਂ ਜੇਲ੍ਹ ਵਿਚ ਹੀ ਬੰਦ ਰਹੀਆਂ। ਅਤੇ ਰੀਮਾਂਡ ਸੁਣਨ ਲੱਗਿਆਂ ਅਦਾਲਤ ਦਾ ਕਾਨੂੰਨੀ ਫ਼ਰਜ਼ ਇਹ ਹੁੰਦਾ ਸੀ ਕਿ ਕਸੂਰਵਾਰਾਂ ਨੂੰ ਅਦਾਲਤ ਵਿਚ ਬੁਲਾ ਕੇ ਰੀਮਾਂਡ ਸੁਣਾਇਆ ਜਾਂਦਾ ਸੀ। ਸਾਡੇ ਬਾਰੇ ਗੋਰਾ-ਸ਼ਾਹੀ ਅਦਾਲਤਾਂ ਨੇ ਇਸ ਕਾਨੂੰਨ ਦੀ ਰੰਚਕ ਪਰਵਾਹ ਨਹੀਂ ਕੀਤੀ ਤੇ ਬੇ-ਕਾਨੂੰਨੀਆਂ ਹੀ ਵਰਤੀਆਂ। ਅਦਾਲਤ ਵਿਚੋਂ ਹੀ ਲਿਖਿਆ ਲਿਖਾਇਆ ਹੁਕਮ ਪਠਾ ਕੇ ਸਾਨੂੰ ਜੇਲ੍ਹਾਂ ਵਿਚ ਬੈਠਿਆਂ ਨੂੰ ਹੀ ਰੀਮਾਂਡ ਸੁਣਾਇਆ ਜਾਂਦਾ ਸੀ ਤੇ ਅਗਲੀ ਪੇਸ਼ੀ ਦੀ ਤਾਰੀਖ਼ ਦਿਤੀ ਜਾਂਦੀ ਸੀ।

ਇਕ ਵਾਰ ਦਾ ਜ਼ਿਕਰ ਹੈ ਕਿ ਜੇਲ੍ਹ ਵਾਲਿਆਂ ਕਲਰਕਾਂ ਦੀ ਗ਼ਲਤੀ ਨਾਲ, ਜਾਂ ਨਵੇਂ ਅਦਾਲਤੀ ਅਫ਼ਸਰਾਂ ਦੀ ਨਾਵਾਕਫ਼ੀ ਨਾਲ, ਸਾਨੂੰ ਅਦਾਲਤ ਵਿਚ ਹੀ ਬੁਲਾ ਲੀਤਾ ਗਿਆ। ੨੦ ਸਿੰਘਾਂ ਦਾ ਜੱਥਾ ਹੱਥਕੜੀਆਂ ਨਾਲ ਸਜਿਆ ਧਜਿਆ ਜੇਲ੍ਹ ਅੰਦਰੋਂ ਪੁਲਸ ਦੀ ਗਾਰਦ ਤਲੇ ਨਿਕਾਲਿਆ ਤੇ ਕਚਹਿਰੀ ਵਲ ਨੂੰ ਤੋਰਿਆ। ਇਕ ਇਕ ਸਿੰਘ ਉਤੇ ਦੋ ਦੋ ਪੁਲਸ ਸਿਪਾਹੀ ਤਾਇਨਾਤ ਕੀਤੇ ਹੋਏ ਸਨ। ਇਸ ਪ੍ਰਕਾਰ ਪੁਲਸ ਸਿਪਾਹੀ ਨਾਲ ਲੱਗੇ ਜਾਂਦੇ ਸਨ, ਜੋ ਤਲਵਾਰਾਂ ਬੰਦੂਕਾਂ ਨਾਲ ਵੀ ਮੁਸੱਲਾ ਸਨ। ਜਿਸ ਪ੍ਰਕਾਰ ਗੁਫਿਆਂ ਅੰਦਰੋਂ ਖੁਲ੍ਹੀ ਹਵਾ ਵਿਚ ਨਿਕਲ ਕੇ ਸ਼ੇਰ ਭੂਸਰ ਉਠਦੇ ਹਨ, ਇਸੇ ਪ੍ਰਕਾਰ ਜਦ ਮਹੀਨਿਆਂ ਬੱਧੀ ਦੇ ਜੇਲ੍ਹ-ਕੋਠੜੀਆਂ ਵਿਚ ਤਾੜੇ ਹੋਏ ਸਿੰਘ ਸੂਰਬੀਰਾਂ ਨੂੰ ਬਾਹਰਲੀ ਹਵਾ ਲਗੀ ਤਾਂ ਉਹ ਲਗ ਪਗ ਸਾਰੇ ਦੇ ਸਾਰੇ ਹੀ ਹਰਨ ਹੋਣ ਲਈ ਸੰਧੂਰਤ ਹੋ ਗਏ। ਸ਼ੋਰਮ-ਸ਼ੋਰੀ ਹੋ ਕੇ ਰਾਹ ਜਾਂਦਿਆਂ ਨੇ ਮਤਾ ਪਕਾਅ ਲਿਆ ਕਿ ਇਨ੍ਹਾਂ ਪਹਿਰੇਦਾਰ ਪੁਲਸੀਆਂ ਨੂੰ ਸੋਧ ਸਾਧ ਕੇ ਹਰਨ ਹੋ ਜਾਵੋ। ਪਰੰਤੂ ਸਾਡੇ ਵਿਚਕਾਰ ਗਿਆਨੀ ਨਾਹਰ ਸਿੰਘ ਸਾਰਖੇ ਕਈ ਦੂਰ-ਅੰਦੇਸ਼ ਸਿੰਘਾਂ ਨੇ ਵਰਜੀ ਰਖਿਆ। ਜੇਲ੍ਹ ਤੋਂ ਅਦਾਲਤ ਦਾ ਬੜਾ ਦੁਰਾਡਾ ਫ਼ਾਸਲਾ ਹੈ। ਸ਼ੇਰਾਂ ਦੀ ਕਤਾਰ ਨੂੰ ਲਈ ਜਾਂਦੇ ਦੁੱਗਣੇ ਚੌਗਣੇ ਪੁਲਸਮੈਨ ਸ਼ਸਤਰਾਂ ਨਾਲ ਸਨੱਧ-ਬਧ ਹੁੰਦੇ ਹੋਏ ਵੀ ਡਰਦੇ ਥਰ ਥਰ ਕੰਬਣ। ਦਰ-ਅਸਲ ਉਨ੍ਹਾਂ ਦੀਆਂ ਪਹਿਨੀਆਂ ਹੋਈਆਂ ਤਲਵਾਰਾਂ ਬੰਦੂਕਾਂ ਉਨ੍ਹਾਂ ਦੀਆਂ ਨਹੀਂ ਸਨ, ਇਕੋ ਹੀ ਭਬਕੀ ਧਮਕੀ ਨਾਲ ਉਨ੍ਹਾਂ ਨੇ ਸਾਰੀਆਂ ਹੀ ਸਿੰਘਾਂ ਦੇ ਸਪੁਰਦ ਕਰ ਦੇਣੀਆਂ ਸਨ ਜਾਂ ਸਿੰਘਾਂ ਨੇ ਹਥੋ ਹਥੀ ਉਨ੍ਹਾਂ ਤੋਂ ਖੋਹ ਲੈਣੀਆਂ ਸਨ। ਚੇਹਰੇ ਉਨ੍ਹਾਂ ਦੇ ਪੀਲੇ ਭੂਕ ਪਏ ਹੋਏ ਸਨ। ਅਦਾਲਤ ਤੋਂ ਕੋਈ ਸੌ ਪੰਜਾਹ ਕਦਮਾਂ ਉਰੇਡੇ ਨੂੰ ਇਕ ਸੰਘਣਾ ਰੱਖ (ਬਣ) ਸੀ, ਜੋ ਉਨ੍ਹੀਂ ਦਿਨੀਂ ਸੁੰਨਸਾਨ ਬੀਆਬਾਨ ਹੀ ਪਿਆ ਸੀ। ਉਸ ਦੇ ਵਿਚੋਂ ਹੀ ਰਸਤਾ ਅਦਾਲਤ ਨੂੰ ਲੰਘਣਾ ਸੀ। ਉਸ ਰੱਖ ਵਿਚ ਵੜ ਕੇ ਅਜੇ ਅੱਧ-ਵਿਚਾਲੇ ਹੀ ਗਏ ਸਾਂ ਕਿ ਅਸੀਂ ਕੀ ਵੇਖਦੇ ਹਾਂ ਕਿ ਭਾਈ ਲਾਲ ਸਿੰਘ ਜੀ ਸਵਾ ਲੱਖ ਨਾਲ ਹੀ ਮੋਢੇ ਉਤੇ ਸਫ਼ਾ-ਜੰਗ (ਟਕੂਆ) ਧਰੀ, ਬੀਰ ਰਸੀ ਨਾਲ ਸੰਧੂਰਤ ਹੋਏ ਸਾਹਮਣੇ ਤੋਂ ਚਲੇ ਜਾ ਰਹੇ ਹਨ। ਕਈ ਦਿਨਾਂ ਤੋਂ ਉਹ ਬਿਰਹੇ ਬਾਵਰੇ ਹੋ ਕੇ ਸਾਡੀ ਸੂਹ ਕਢਣ ਲਈ ਏਵੇਂ ਹੀ ਫਿਰਦੇ ਰਹਿੰਦੇ ਸਨ। ਉਸ ਦਿਨ ਅਚਾਨਕ ਹੀ ਜਦ ਭਾਈ ਲਾਲ ਸਿੰਘ ਜੀ ਨੇ ਸਾਨੂੰ ਪਰਾਈ ਈਨ ਵਿਚ ਵੇੜ੍ਹੇ ਹੋਏ ਵੇਖਿਆ, ਤਾਂ ਉਨ੍ਹਾਂ ਦੀ ਖ਼ੁਸ਼ੀਆਂ ਭਰੀ ਸੂਰਬੀਰਤਾ ਵਾਲੀ ਸੰਧੂਰਤਾ ਹੋਰ ਵੀ ਸੰਧੂਰਤ ਹੋ ਗਈ। ਉਹ ਸਾਡੇ ਨਾਲ ਜਾਂਦੇ ਸਿਪਾਹੀਆਂ ਤੋਂ ਨਿਡਰ ਤੇ ਬੇ-ਖ਼ੌਫ਼ ਹੋ ਕੇ ਸਾਡੇ ਕੋਲ ਹੀ ਆ ਢੁੱਕੇ ਅਤੇ ਸਾਡੇ ਨਾਲ ਬਰੋ ਬਰੋਬਰੀ ਲਗੇ ਤੁਰੇ ਜਾਣ, ਨਾਲੇ ਇਸ਼ਾਰੇ ਕਰਨ ਕਿ ਹੁਣ ਹੁਕਮ ਦਿਓ, ਹੁਣੇ ਹੀ ਛੁਡਾ ਕੇ ਸਾਰਿਆਂ ਨੂੰ ਲੈ ਚਲਦਾ ਹਾਂ। ਸਾਡੀ ਕਤਾਰ ਵਿਚ ਜਾਂਦਿਆਂ ਦੇ ਵਿਚੋਂ ਕਿਸੇ ਕਮਜ਼ੋਰ-ਦਿਲ ਸਿੰਘ ਨੇ ਇਉਂ ਆਖਿਆ ਕਿ ਇਕੱਲੇ ਕੀ ਕਰੋਗੇ? ਤਾਂ ਸ਼ੇਰ-ਦਿਲ ਭਾਈ ਲਾਲ ਸਿੰਘ ਜੀ ਨੇ ਭਬਕ ਕੇ ਉਤਰ ਦਿਤਾ ਕਿ ਖਾਲਸਾ ਸਵਾ ਲੱਖ ਨਾਲ ਹੈ, ਇਕੱਲਾ ਕਦੇ ਨਹੀਂ ਹੁੰਦਾ। ਇਹ ਭਬਕ ਸੁਣ ਕੇ ਪੁਲਸ ਵਾਲੇ ਪਰੇਸ਼ਾਨ ਹੋ ਗਏ ਤੇ ਭਾਈ ਲਾਲ ਸਿੰਘ ਜੀ ਨੂੰ ਬੇਨਤੀ ਕਰਨ ਲਗੇ ਕਿ ਸਾਨੂੰ ਡਿਊਟੀ ਭੁਗਤਣ ਦਿਓ, ਕਿਰਪਾ ਕਰ ਕੇ! ਅਸੀਂ ਫ਼ਾਰਗ਼ੁਲ-ਬਾਲ ਹੋ ਜਾਵਾਂਗੇ। ਮੁੜਦੇ ਹੋਏ ਹੋਰ ਹੋਰ ਸਿਪਾਹੀਆਂ ਦੀ ਗਾਰਦ ਇਨ੍ਹਾਂ ਨੂੰ ਵਾਪਸ ਜੇਲ੍ਹ ਨੂੰ ਲੈ ਕੇ ਜਾਏਗੀ। ਏਸ ਰੱਖ (ਜੰਗਲ) ਚੀਂ ਹੀ ਇਨ੍ਹਾਂ ਨੇ ਮੁੜਨਾ ਹੈ। ਤੁਸੀਂ ਹੋਰ ਫ਼ੌਜਾਂ ਭੀ ਇਤਨੇ ਨੂੰ

[ਬਾਕੀ ਸਫ਼ਾ ੧੬ ਹੇਠ]



www.AKJ.Org

# ਸ੍ਰੀ ਅੰਮ੍ਰਿਤਸਰ ਜੀ ਕੇ ਦਰਸ਼ਨ ਇਸ਼ਨਾਨ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖਾਂ ਦਾ ਸਰਬ-ਸ੍ਰੇਸ਼ਟ ਧਰਮ-ਕੇਂਦਰ ਹੈ। ਇਥੇ ਹਰਿਮੰਦਰ ਹੈ, ਜੋ ਪੀਰੀ ਦੀ ਰਾਜਧਾਨੀ ਹੈ; ਅਕਾਲ ਤਖ਼ਤ ਹੈ, ਜੋ ਮੀਰੀ ਦੀ ਰਾਜਧਾਨੀ ਹੈ। ਦੰਦ-ਕਥਿਤ ਪਰੰਪਰਾ ਅਨੁਸਾਰ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਮੁਸਲਮਾਨ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ। ਇਸ ਮੰਦਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ, ਜਿਸ ਵਿਚ ਗੁਰੂ ਸਾਹਿਬਾਂ ਦੀ ਬਾਣੀ ਤੋਂ ਇਲਾਵਾ ਕਈ ਹਿੰਦੂ ਭਗਤਾਂ ਤੇ ਮੁਸਲਮਾਨ ਫ਼ਕੀਰਾਂ ਦੀ ਬਾਣੀ ਵੀ ਦਰਜ ਹੈ। ਸਿਖ ਧਰਮ ਦਾ ਨਿਸਚਾ ਹੈ ਕਿ ਰੱਬ ਕਿਸੇ ਇਕ ਧਰਮ ਦੀ ਵਾਹਦ ਮਲਕੀਅਤ ਨਹੀਂ। ਉਹ ਸ੍ਰਭ ਦਾ ਸਾਂਝਾ ਹੈ। ਇਹ ਪ੍ਰਥਮ ਸੰਦੇਸ਼ ਇਸ ਹਰਿਮੰਦਰ ਦਾ ਹੈ।

ਇਸ ਦੇ ਚਾਰੇ ਪਾਸੇ ਦਰਵਾਜ਼ੇ ਹਨ। ਇਹ ਮੰਦਰ ਹਰ ਕਿਸੇ ਲਈ ਖੁਲ੍ਹਾ ਹੈ। ਕੋਈ ਕਿਸੇ ਵਰਣ ਦਾ ਹੋਵੇ, ਕਿਸੇ ਗੋਤ ਦਾ; ਕਿਸੇ ਨਸਲ ਦਾ ਹੋਵੇ, ਕਿਸੇ ਧਰਮ ਦਾ; ਕਿਸੇ ਦੇਸ਼ ਤੋਂ ਆਵੇ, ਕਿਸੇ ਦਿਸ਼ਾ ਤੋਂ; ਇਸ ਮੰਦਰ ਵਿਚ ਸਭ ਲਈ ਇਕੋ ਜਹੀ ਸਦਭਾਵਨਾ ਵਰਤਦੀ ਹੈ।

ਇਥੇ ਹਰ ਵੇਲੇ ਕੀਰਤਨ ਦਾ ਪ੍ਰਵਾਹ ਹੈ, ਸਿਮਰਨ ਦਾ ਪ੍ਰਵਾਹ ਹੈ, ਸੇਵਾ ਦਾ ਪ੍ਰਵਾਹ ਹੈ, ਸੰਗਤ ਦਾ ਪ੍ਰਵਾਹ ਹੈ। ਦਿਨ ਰਾਤ ਏਥੇ ਧਰਮ ਵਰਤਦਾ ਹੈ। ਇਹ ਖ਼ਾਲਕ ਦਾ ਦਰ ਹੈ, ਖ਼ਲਕਤ ਦੀਆਂ ਜਿਥੇ ਵਹੀਰਾਂ ਆਉਂਦੀਆਂ ਤੇ ਵਰੋਸਾਈਆਂ ਜਾਂਦੀਆਂ ਹਨ। ਭਗਤੀ ਦਾ ਏਥੇ ਅਵਿਰਲ ਪ੍ਰਕਾਸ਼ ਹੈ। ਭਾਵਨਾ ਏਥੋਂ ਵਰਦਾਨ ਲੈਂਦੀ ਹੈ।

ਹਰਿਮੰਦਰ ਦੇ ਐਨ ਸਾਹਮਣੇ ਅਕਾਲ ਤਖ਼ਤ ਹੈ, ਖ਼ਾਲਸੇ ਦੀ ਦੁਨੀਆਵੀ ਸ਼ਕਤੀ ਦਾ ਕੇਂਦਰ। ਏਥੇ ਸਿਰੀ ਸਾਹਿਬ ਦਾ ਪ੍ਰਕਾਸ਼ ਹੈ।[੧] ਇਥੋਂ ਪੰਥ ਦੀ ਸ਼ਕਤੀ ਵਰਤਦੀ ਹੈ। ਸਰਬੱਤ ਖ਼ਾਲਸਾ ਜੀ ਦੇ ਏਥੇ ਗੁਰਮੱਤੇ ਹੁੰਦੇ ਆਏ। ਸੰਗਤਾਂ ਨੂੰ ਏਥੋਂ ਹੁਕਮਨਾਮੇ ਜਾਰੀ ਹੋਏ।

ਹਰਿਮੰਦਰ ਦੇ ਇਰਦ ਗਿਰਦ ਸਰੋਵਰ ਹੈ, ਅੰਮ੍ਰਿਤ ਦਾ ਸਰੋਵਰ। ਜਲ ਥਲ ਤੇ ਅਕਾਸ਼ ਤਿੰਨਾਂ ਦਾ ਏਥੇ ਸੰਗਮ ਹੈ। ਅਨੇਕਾਂ ਪ੍ਰਾਣੀ ਨਿੱਤ ਇਸ ਸਰੋਵਰ ਵਿਚ ਇਸ਼ਨਾਨ ਕਰਦੇ[੨] ਆਪਣਾ ਈਮਾਨ ਹਰਿਆ ਕਰਦੇ ਹਨ।

ਸਰੋਵਰ ਦੇ ਗਿਰਦ ਪਰਿਕਰਮਾ ਹੈ। ਪਰਿਕਰਮਾ ਵਿਚ ਅਨੇਕਾਂ ਸਿਦਕਵਾਨ, ਗੋਬਿੰਦ-ਮਾਰਗ ਦੇ ਪਾਂਧੀ, ਤੁਰੇ ਜਾਂਦੇ ਦਿਸਦੇ ਹਨ–ਦਿਲਾਂ ਵਿਚ ਸ਼ਰਧਾ, ਬੁਲ੍ਹਾਂ ਤੇ ਸਿਮਰਨ, ਹੱਥਾਂ ਵਿਚ ਪ੍ਰਸਾਦਿ। ਇਸੇ ਪਰਿਕਰਮਾ ਵਿਚੋਂ ਦੀ ਚੌਂਕੀਆਂ ਚੜ੍ਹਦੀਆਂ।

ਪਰਿਕਰਮਾ ਦੇ ਇਰਦ ਗਿਰਦ ਬੁੰਗੇ[੩]–ਧਰਮ ਪ੍ਰਚਾਰ ਦੇ ਅਖਾੜੇ, ਬ੍ਰਹਮ ਦੇ ਬੂਟੇ, ਮਿਸਲਾਂ ਦੇ ਨਿਸ਼ਾਨ। ਝੰਡੇ ਬੁੰਗੇ ਵਿਚ ਦੋ ਨਿਸ਼ਾਨ ਨਾਲੋ ਨਾਲ ਝੂਲਦੇ—ਇਕ ਮੀਰੀ ਦਾ ਇਕ ਪੀਰੀ ਦਾ। ਪਰਿਕਰਮਾ ਵਿਚ ਹੀ ਸ਼ਹੀਦੀ ਬੁੰਗਾ, ਬਾਬਾ ਦੀਪ ਸਿੰਘ ਜੀ ਦਾ—ਸੂਰਮਗਤੀ ਤੇ ਸ਼ਹਾਦਤ ਦੀ ਇਕੱਠੀ ਸ਼ਮ੍ਹਾ ਏਥੇ ਜਗਦੀ।

ਬੁੰਗਿਆਂ ਦੇ ਬਾਹਰਵਾਰ, ਇਕ ਪਾਸੇ, ਗੁਰੂ ਕਾ ਲੰਗਰ, ਜੋ ਅਤੁੱਟ ਪਕਦਾ, ਅਤੁੱਟ ਵਰਤਦਾ। ਇਥੇ ਨਿਸ਼ਕਾਮ ਸੇਵਾ ਦਾ ਪ੍ਰਵਾਹ ਚਲਦਾ। ਏਥੇ ਅਵਿਰਲ ਗੁਰ ਪ੍ਰਸਾਦਿ ਵਰਤਦਾ।

ਅੰਮ੍ਰਿਤਸਰ, ਸਰਬ ਸਾਂਝਾ ਧਰਮ-ਅਸਥਾਨ ਹੈ। ਸ਼ਹਿਰ ਅੰਦਰ ਅਨੇਕਾਂ ਗੁਰਦੁਆਰੇ ਹਨ। ਬਾਬਾ

---

੧. ਗੁਰੂ ਸਾਹਿਬਾਂ ਦੇ ਸ਼ਸਤ੍ਰ ਏਥੇ ਸਜਾਏ ਜਾਂਦੇ ਹਨ।

੨. ਇਸ਼ਨਾਨ ਸਿੱਖਾਂ ਦੀ ਸਮੂਹਕ ਜੀਵਨ-ਜੁਗਤ ਦਾ ਅਨਿਖੜ ਅੰਗ ਹੈ। ਇਸੇ ਲਈ ਸਿਖ ਗੁਰਦੁਆਰਿਆਂ ਨਾਲ ਸਰੋਵਰ ਬਣਾਉਣ ਦੀ ਪ੍ਰਥਾ ਹੈ। ਸ੍ਰੀ ਅੰਮ੍ਰਿਤਸਰ ਜੀ ਦਾ ਇਸ਼ਨਾਨ ਸਭ ਤੋਂ ਉੱਤਮ ਇਸ਼ਨਾਨ ਮੰਨਿਆ ਜਾਂਦਾ ਹੈ।

੩. ਅਕਾਲ ਤਖ਼ਤ ਵੀ ਇਕ ਬੁੰਗਾ ਹੈ—ਅਕਾਲ ਬੁੰਗਾ।



www.AKJ.Org

ਅਟੱਲ, ਗੁਰੂ ਕੇ ਮਹਿਲ, ਕਿਲ੍ਹਾ ਲੋਹਗੜ੍ਹ, ਗੁ: ਮਾਈ ਕੌਲਾਂ ਗੁ: ਸ਼ਹੀਦ ਗੰਜ, ਗੁ: ਖੁਸ਼ਹਾਲ ਸਿੰਘ ਨਿਹੰਗ, ਬੁਰਜ ਅਕਾਲੀ ਫੂਲਾ ਸਿੰਘ, ਆਦਿ। ਪੁਰਾਣੇ ਸ੍ਰੀ ਅੰਮ੍ਰਿਤਸਰ ਵਿਚ ਉਨੱਤਰ ਠਾਕਰ ਦੁਆਰੇ ਸਨ। ਇਸ ਸ਼ਹਿਰ ਵਿਚ ਅੱਜ ਵੀ ਉੱਨੀ ਸ਼ਿਵਾਲੇ, ਪੰਝੀ ਮੰਦਰ, ਦੋ ਸੋ ਚੌਦਾਂ ਧਰਮ-ਸ਼ਾਲਾਂ ਹਨ। ਇਥੇ ਛੱਤੀ ਸਮਾਧਾਂ ਹਨ ਪ੍ਰਸਿਧ ਤੇ ਪ੍ਰਤਿਸ਼ਠਿਤ ਸ਼ਖ਼ਸੀਅਤਾਂ ਦੀਆਂ। ਉਦਾਸੀ ਮਹਾਤਮਾਵਾਂ ਦੇ ਬਾਰਾਂ ਅਖਾੜੇ ਹਨ। ਛੇ ਮਸਜਦਾਂ ਹਨ–ਜਿਨ੍ਹਾਂ ਵਿਚ ਸਭ ਤੋਂ ਪਹਿਲੀ ਆਪ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਹਾਥੀ ਦਰਵਾਜ਼ੇ ਬਣਵਾਈ। ਇਸੇ ਸ਼ਹਿਰ ਵਿਚ ਦਸ ਤਕੀਏ ਮੁਸਲਮਾਨ ਫ਼ਕੀਰਾਂ ਦੇ ਵੀ ਹਨ। ਇੱਥੇ ਵੀਹ ਸਰੋਵਰ ਤੇ ਤਾਲਾਬ ਹਨ[੧] ਤੇ ਤਿੰਨ ਸੌ ਦੇ ਕਰੀਬ ਖੂਹ ਤੇ ਖੂਹੀਆਂ ਸੁਣੀਂਦੀਆਂ ਹਨ। ਇਤਨੇ ਸਰੋਵਰ, ਤਾਲਾਬ, ਖੂਹ, ਟੋਭੇ ਤੇ ਢਾਬਾਂ ਦਸਦੀਆਂ ਹਨ ਕਿ ਇਥੇ ਕਿਤਨੇ ਪ੍ਰਾਣੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਵਾਲੇ ਸਨ। ਬੁੰਗੇ ਅਤੇ ਧਰਮਸਾਲਾਂ ਪਰਗਟ ਕਰਦੀਆਂ ਹਨ ਇਥੇ ਕ੍ਰਿਤਨੇ ਯਾਤ੍ਰੀ ਬਾਹਰੋਂ ਆਉਂਦੇ ਸਨ। ਨਿਰਮਲਿਆਂ ਦੇ ਅਖਾੜੇ, ਸੇਵਾ-ਪੰਥੀਆਂ ਦੇ ਡੇਰੇ, ਅੱਡਣ-ਸ਼ਾਹੀਆਂ ਦੇ ਟਿਕਾਣੇ, ਸ਼ਿਵਾਲੇ, ਠਾਕਰਦੁਆਰੇ, ਮਸਜਦਾਂ, ਤਕੀਏ, ਗੁਰਦੁਆਰੇ ਦਸਦੇ ਹਨ ਕਿਤਨੇ ਲੋਕ ਬੰਦਗੀ ਕਰਨ ਵਾਲੇ ਸਨ। ਇਹ ਸਾਰੇ ਧਾਰਮਕ ਟਿਕਾਣੇ, ਧਰਮ ਦੇ ਕੇਂਦਰ ਹੀ ਨਹੀਂ ਸਨ, ਪਾਠਸ਼ਾਲਾਵਾਂ ਵੀ ਸਨ, ਵਿਦਿਆਲੇ ਵੀ। ਇਥੇ ਗੁਰਬਾਣੀ ਦੇ ਗਿਆਨੀ ਵੀ ਸਨ, ਖਟਦਰਸ਼ਨੀ ਵੀ, ਵੇਦ-ਗਿਆਤਾ ਵੀ, ਕੁਰਾਨ ਦੇ ਹਾਫ਼ਿਜ਼ ਵੀ। ਇਉਂ ਇਹ ਸ਼ਹਿਰ ਸੱਚ ਮੁੱਚ ਸਰਬ ਸਾਂਝਾ ਧਰਮ-ਕੇਂਦਰ ਸੀ।

ਸਾਲ ਵਿਚ ਦੋ ਵਾਰ ਇਥੇ ਮੇਲਾ ਹੁੰਦਾ, ਜਦੋਂ ਸੰਗਤਾਂ ਵਹੀਰਾਂ ਘੱਤ ਇਥੇ ਦਰਸ਼ਨਾਂ ਲਈ ਆਉਂਦੀਆਂ। ਵਿਸਾਖੀ ਦਾ ਮੇਲਾ ਗੁਰੂ ਅਰਜਨ ਦੇਵ ਜੀ ਨੇ ਸ਼ੁਰੂ ਕੀਤਾ, ਦੀਵਾਲੀ ਦਾ ਬਾਬਾ ਬੁੱਢਾ ਜੀ ਨੇ। ਇਹਨਾਂ ਦੋਨਾਂ ਤੇ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਸੰਗਤਾਂ ਵਿਚ ਆਵੱਸ਼ਕ ਗਿਣੇ ਜਾਣ ਲਗੇ। ਦੂਰੋਂ ਦੂਰੋਂ ਸੰਗਤਾਂ ਇਥੇ ਜੁੜਦੀਆਂ। ਕਈ ਸ਼ਰਧਕ ਤਾਂ ਪੰਜਾਂ ਸਰੋਵਰਾਂ ਦਾ ਇਸ਼ਨਾਨ ਕਰਦੇ : ਪਹਿਲਾਂ ਸੰਤੋਖ ਸਰ ਵਿਚ, ਫਿਰ ਅੰਮ੍ਰਿਤ ਸਰੋਵਰ ਵਿਚ, ਫਿਰ ਕੌਲ ਸਰ ਵਿਚ, ਫਿਰ ਰਾਮ ਸਰ ਵਿਚ ਤੇ ਅਖ਼ੀਰ ਬਿਬੇਕ ਸਰ ਵਿਚ।[੨]

ਸਿਖ ਧਰਮ ਵਾਸਤੇ ਸ੍ਰੀ ਅੰਮ੍ਰਿਤਸਰ ਦੀ ਇਤਨੀ ਵੱਡੀ ਮਹਾਨਤਾ ਹੋ ਗਈ ਕਿ ਪੰਥ-ਦੋਖੀਆਂ ਨੇ ਜਾਂ ਇਸ ਕੇਂਦਰ ਨੂੰ ਆਪਣੇ ਕਬਜ਼ੇ ਵਿਚ ਲੈਣ ਦੇ ਜਤਨ ਕੀਤੇ ਜਾਂ ਇਸ ਨੂੰ ਢਹਿ-ਢੇਰੀ ਕਰਨ ਦੇ। ਗੁਰੂ ਸਾਹਿਬਾਂ ਦੇ ਹੁੰਦੇ ਹੀ ਪ੍ਰਿਥੀਏ ਤੇ ਉਸ ਦੀ ਔਲਾਦ ਨੇ ਇਸ ਧਰਮ-ਕੇਂਦਰ ਤੇ ਕਬਜ਼ਾ ਜਮਾ ਲਿਆ ਸੀ। ਇਥੋਂ ਤਕ ਕਿ ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ੧੬੬੪ ਵਿਚ ਸ੍ਰੀ ਅੰਮ੍ਰਿਤਸਰ ਦੇ ਦਰਸ਼ਨਾਂ ਲਈ

---

੧. ੧. ਸੰਤੋਖ ਸਰ, ੨. ਸ੍ਰੀ ਅੰਮ੍ਰਿਤਸਰ, ੩. ਬਿਬੇਕ ਸਰ, ੪. ਰਾਮ ਸਰ, ੫. ਕੌਲ ਸਰ, ੬. ਲਛਮਨ ਸਰ, ੭. ਨਿਰਬਾਣ ਸਰ, ੮. ਤਲਾਬ ਸੰਤ ਰਾਮ, ੯. ਤਲਾਬ ਸਾਂਡਲ, ੧੦. ਤਲਾਬ ਭਾਈ ਕਲਿਆਣ ਸਿੰਘ, ੧੧. ਤਲਾਬ ਸੁਖ ਦਿਆਲ ੧੨. ਸਮਦੂ, ੧੩ ਤਲਾਬ ਹਮੇਸ਼ਾ ਖਤਰੀ, ੧੪ ਬ੍ਰਹਮ ਸਰੋਵਰ. ੧੫ ਤਲਾਬ ਕਿਸ਼ਨ ਚੰਦ, ੧੬. ਤਲਾਬ ਟੁੰਡੇ ਦਾ, ੧੭. ਟੋਭਾ ਭਾਈ ਸਾਲੋ ਸਾਹਿਬ, ੧੮. ਲਛਮਨ ਸਰ, ੧੯. ਢਾਬ ਭਾਈ ਵਸਤੀ ਰਾਮ, ੨੦ ਢਾਬ ਖਟੀਕਾਂ।

੨. ਇਨ੍ਹਾਂ ਸਰੋਵਰਾਂ ਦੇ ਇਸ਼ਨਾਨ ਦਾ ਵਖੋ ਵਖਰਾ ਮਹਾਤਮ ਗਿਣਿਆ ਜਾਂਦਾ। ਰਾਮ ਸਰ ਦਾ ਇਸ਼ਨਾਨ ਬਾਣੀ ਦਾ ਇਸ਼ਨਾਨ ਮੰਨਿਆ ਜਾਂਦਾ, ਕਿਉਂਕਿ ਇਸ ਸਰੋਵਰ ਦੇ ਕੰਢੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੀ ਹੋਈ ਤੇ ਸੁਖਮਨੀ ਸਾਹਿਬ ਦਾ ਉਚਾਰਨ ਵੀ। ਬਿਬੇਕ ਸਰ ਦੇ ਇਸ਼ਨਾਨ ਤੋਂ ਬਿਬੇਕ ਪ੍ਰਾਪਤ ਹੁੰਦਾ—ਇਸ ਸਰੋਵਰ ਦੇ ਕੰਢੇ ਬਿਬੇਕੀ ਮਹਾਂ ਪੁਰਖ ਟਿਕਦੇ ਹੁੰਦੇ ਸਨ। ਸੰਤੋਖ ਸਰ ਦੇ ਇਸ਼ਨਾਨ ਨਾਲ ਆਤਮਕ ਤ੍ਰਿਪਤੀ ਪ੍ਰਾਪਤ ਹੁੰਦੀ; ਕਿਰਤ ਕਰਦੇ ਹੋਏ ਵੰਡ ਕੇ ਛਕਣ ਦਾ ਉਮਾਹ ਜਾਗਦਾ। ਉਹ ਸੰਤੋਖ ਪ੍ਰਾਪਤ ਹੁੰਦਾ ਜਿਸ ਬਾਝੋਂ ਰੱਜ ਨਹੀਂ ਹੁੰਦਾ (ਬਿਨਾ ਸੰਤੋਖ ਨਹੀ ਕੋਊ ਰਾਜੈ—ਗਉੜੀ ਮ: ੫ ੨੭੯/੨)। ਕੌਲ ਸਰ ਦੇ ਇਸ਼ਨਾਨ ਤੋਂ ਇਕ ਧਿਰ ਆਜ਼ਾਦੀ ਦੀ ਚੋਟਕ ਲਗਦੀ (ਗੁਰੂ ਹਰਿ ਗੋਬਿੰਦ ਸਾਹਿਬ ਬੀਬੀ ਕੌਲਾਂ ਨੂੰ ਤਸੀਹਿਆਂ ਤੋਂ ਛੁੜਾ ਕੇ ਲੈ ਆਏ ਸਨ ਤੇ ਇਹ ਸਰੋਵਰ ਉਸ ਦੀ ਯਾਦ ਵਿਚ ਹੈ), ਤਾਂ ਦੂਜੇ ਪਾਸੇ ਆਤਮ-ਖੇੜੇ ਦਾ ਉਮਾਹ ਜਾਗਦਾ (ਉਰਧ ਕਮਲ ਬਿਗਸਦਾ)। ਸ੍ਰੀ ਅੰਮ੍ਰਿਤ-ਸਰੋਵਰ ਦਾ ਇਸ਼ਨਾਨ ਜੀਵਨ ਨੂੰ ਅੰਮ੍ਰਿਤ ਮਈ ਬਣਾਉਂਦਾ, ਤੇ ਮਰਨ ਦਾ ਭੈ ਦੂਰ ਹੋ ਜਾਂਦਾ।



www.AKJ.Org

ਆਏ ਤਾਂ ਆਪ ਉਪਰ ਦਰਵਾਜ਼ੇ ਬੰਦ ਕਰ ਦਿੱਤੇ ਗਏ। ਆਪ ਬਾਹਰ ਹੀ ਬੈਠ ਕੇ ਤੇ ਉਥੋਂ ਹੀ ਪ੍ਰਣਾਮ ਕਰ ਕੇ ਵਾਪਸ ਚਲੇ ਗਏ। ਜਿੱਥੇ ਆਪ ਬਿਰਾਜੇ, ਉਥੇ ਹੁਣ ਥੜਾ ਸਾਹਿਬ ਗੁਰਦੁਆਰਾ ਹੈ।

੧੭੪੦ ਈ: ਵਿਚ ਬੀਕਾਨੇਰ ਦੇ ਸਿੰਘਾਂ ਨੂੰ ਪਤਾ ਲਗਾ ਕਿ ਹਰਿਮੰਦਰ ਸਾਹਿਬ ਉਪਰ ਜਿਸ ਮੱਸੇ ਰੰਘੜ ਦਾ ਕਬਜ਼ਾ ਹੈ ਉਹ ਉਥੇ ਕੁਕਰਮ ਕਰ ਰਿਹਾ ਹੈ। ਸਰਦਾਰ ਮਤਾਬ ਸਿੰਘ[੧] ਤੇ ਉਸ ਦੇ ਸਾਥੀ ਅਰਦਾਸਾ ਸੋਧ ਕੇ ਬੀਕਾਨੇਰ ਤੋਂ ਚੱਲੇ ਤੇ ਮੱਸੇ ਦਾ ਸਿਰ ਵੱਢ ਕੇ ਬੀਕਾਨੇਰ ਦੀ ਸੰਗਤ ਦੇ ਜਾ ਹਾਜ਼ਰ ਕੀਤਾ।

੧੭੬੨ ਵਿਚ ਜਦ ਅਹਿਮਦ ਸ਼ਾਹ ਅਬਦਾਲੀ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਤਾਂ ਉਹ, ਸਿੰਘਾਂ ਦਾ ਬੜਾ ਵੱਡਾ ਕਤਲਾਮ (ਵੱਡਾ ਘਲੂਘਾਰਾ) ਕਰਦਾ, ਅੱਗੇ ਲੰਘ ਗਿਆ। ਵਾਪਸੀ ਤੇ. ਪਰਤਦਿਆਂ ਉਸ ਨੇ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਦੀਆਂ ਇਮਾਰਤਾਂ ਢਹਿ-ਢੇਰੀ ਕਰ ਦਿੱਤੀਆਂ। ਪਰ, ਜਿਉਂ ਹੀ ਅਬਦਾਲੀ ਦੀ ਪਿੱਠ ਹੋਈ, ਸਿੰਘਾਂ ਨੇ ਮੀਰੀ ਤੇ ਪੀਰੀ ਦੇ ਆਪਣੇ ਧਰਮ-ਅਸਥਾਨ ਦੁਬਾਰੇ ਉਸਾਰਨੇ ਅਰੰਭ ਦਿੱਤੇ। ੧੭੬੨ ਦੀ ਦੀਵਾਲੀ ਦੇ ਦਿਨ ਸਰਬੱਤ ਖ਼ਾਲਸੇ ਦਾ ਮੇਲਾ ਅਕਾਲ ਤਖ਼ਤ ਸਾਹਿਬ ਦੇ ਮਲਬੇ ਉਪਰ ਹੋਇਆ। ਅਬਦਾਲੀ ਅਜੇ ਲਾਹੌਰ ਹੀ ਸੀ। ਉਸ ਨੇ ਆਪਣਾ ਏਲਚੀ ਸੁਲਹ ਲਈ ਘਲਿਆ, ਪਰ ਸਿੰਘਾਂ ਨੇ ਉਸ ਨੂੰ ਸਵੀਕਾਰ ਨ ਕੀਤਾ। ਅਬਦਾਲੀ ਪਰਤ ਕੇ ਆਇਆ ਤੇ ਸਿੰਘਾਂ ਨਾਲ ਦੁਬਾਰੇ ਆ ਲੋਹਾ ਲਿਆ। ਪਰ, ਹਾਰ ਖਾ ਕੇ ਭੱਜ ਗਿਆ।

੧੭੬੪ ਵਿਚ ਆਪਣੇ ਅਪਮਾਨ ਦਾ ਬਦਲਾ ਚੁਕਾਉਣ ਦੁੱਰਾਨੀ ਫਿਰ ਆ ਪਰਤਿਆ। ਸਰਦਾਰ ਗੁਰਬਖ਼ਸ਼ ਸਿੰਘ ਦੀ ਜੱਥੇਦਾਰੀ ਵਿਚ ਕੇਵਲ ਤੀਹ ਸਿੰਘ ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰ ਮੌਜੂਦ ਸਨ। ਇਹਨਾਂ ਸਿੰਘਾਂ ਨੇ ਦੁਸ਼ਮਨਾਂ ਦੇ ਆਹੂ ਲਾਹੁੰਦਿਆਂ ਸ਼ਹੀਦੀਆਂ ਪ੍ਰਾਪਤ ਕਰ ਲਈਆਂ। ਦੁੱਰਾਨੀ ਨੇ ਫਿਰ ਦੋਨੋਂ ਧਰਮ-ਅਸਥਾਨ ਢਾਹ-ਢੇਰੀ ਕਰਨ ਦਾ ਹੁਕਮ ਕੀਤਾ। ਜਦ ਇਹ ਅਸਥਾਨ ਬਾਰੂਦ ਨਾਲ ਉਡਾਏ ਜਾ ਰਹੇ ਸਨ ਤਾਂ ਇਕ ਇੱਟ ਹਰਿਮੰਦਰ ਸਾਹਿਬ ਦੀ ਦੀਵਾਰ ਵਿਚੋਂ ਉਸ ਦੇ ਨੱਕ ਤੇ ਆ ਕੇ ਵੱਜੀ। ਇਹ ਜ਼ਖ਼ਮ ਫਿਰ ਨਾ ਭਰਿਆ ਤੇ ਅੰਤ ੧੭੬੯ ਵਿਚ ਇਸੇ ਕਾਰਨ ਉਸ ਦੀ ਮੌਤ ਹੋ ਗਈ।[੨] ਇਸ ਦੌਰਾਨ ਇਕ ਵੇਰ ਫਿਰ ੧੭੬੭ ਵਿਚ ਉਹ ਪੰਜਾਬ ਤੇ ਚੜ੍ਹਿਆ। ਅੰਮ੍ਰਿਤਸਰ ਸ਼ਹਿਰ ਤੇ ਉਸ ਕਬਜ਼ਾ ਵੀ ਕਰ ਲਿਆ, ਪਰ ਉਸ ਨੇ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਵਲ ਮੁੜ ਕੈਰੀ ਅੱਖ ਨ ਕੀਤੀ।

ਫ਼ਰੱਖ਼ਸੀਅਰ ਤੇ ਮੀਰ ਮੰਨੂੰ ਵੇਲੇ ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ, ਤਦ ਵੀ ਸਿਖ ਚੋਰੀ ਛਿਪੀ ਰਾਤ ਬਰਾਤੇ, ਜੰਗਲਾਂ ਵਿਚੋਂ ਆ, ਅੰਮ੍ਰਿਤ ਸਰੋਵਰ ਵਿਚ ਟੁੱਭਾ ਲਾ ਨਿਕਲ ਜਾਂਦੇ। ਬੜੀ ਵਾਰ ਉਹਨਾਂ ਦੀਆਂ ਜਾਨਾਂ ਵੀ ਚਲੀਆਂ ਜਾਂਦੀਆਂ, ਪਰ ਉਹ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਦੀਦਾਰ ਦਾ ਹੱਕ ਤਿਆਗਣ ਨੂੰ ਤਿਆਰ ਨ ਹੁੰਦੇ। ਓਦੋਂ ਤੋਂ ਹੀ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਦੀਦਾਰ ਦੀ ਅਭਿਲਾਖਾ ਸਿਖ ਅਰਦਾਸ ਵਿਚ ਸ਼ਾਮਲ ਹੋ ਗਈ ਜਾਪਦੀ ਹੈ।

ਇਉਂ ਜਾਪਦਾ ਹੈ ਜਦੋਂ ਵੀ ਕਿਸੇ ਸਰਕਾਰ ਨੇ ਸਿੱਖਾਂ ਦੀ ਕੌਮੀ ਸ਼ਕਤੀ ਨੂੰ ਮਾਰ ਮੁਕਾਉਣ ਦਾ ਤਹੱਈਆ ਕੀਤਾ, ਉਸ ਨੇ ਪਹਿਲਾਂ ਪੰਥ ਦੇ ਧਰਮ-ਕੇਂਦਰਾਂ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਹਮਲਾ ਕੀਤਾ, ਫਿਰ ਧਰਮੀ ਸਿੰਘਾਂ ਉਪਰ ਜਬਰ ਤੇ ਜ਼ੁਲਮ ਦੇ ਮੋਘੇ ਖੋਲ੍ਹੇ, ਨਾਲ ਹੀ ਸਿਖ ਸਿੱਧਾਂਤਾਂ ਤੇ ਸਿਖ ਚਿੰਨ੍ਹਾਂ ਉਪਰ ਚੋਟ ਮਾਰਨ ਦੇ ਜਤਨ ਕੀਤੇ। ਪਰ ਇਤਿਹਾਸ ਗਵਾਹ ਹੈ ਕਿ ਹਰ ਵਾਰ ਪੰਥ ਇਹਨਾਂ ਘਲੂਘਾਰਿਆਂ ਵਿਚੋਂ ਕੁੰਦਨ ਹੋ ਕੇ ਹੀ ਨਿਤਰਿਆ।

ਭਾਵੇਂ ਜਾਬਰ ਔਰੰਗਜ਼ੇਬ ਸੀ ਭਾਵੇਂ ਫ਼ਰੱਖ਼ਸੀਅਰ, ਭਾਵੇਂ ਜ਼ਕਰੀਆ ਖ਼ਾਨ ਤੇ ਭਾਵੇਂ ਮੀਰ ਮੰਨੂੰ, ਭਾਵੇਂ ਅਹਿਮਦ ਸ਼ਾਹ ਅਬਦਾਲੀ ਤੇ ਭਾਵੇਂ ਨਾਦਰ ਸ਼ਾਹ, ਭਾਵੇਂ ਜਨਰਲ ਡਾਇਰ ਤੇ ਭਾਵੇਂ ਮਹੰਤ ਨਰੈਣੂ, ਤੇ

---

੧. ਇਹ ਸੂਰਬੀਰ ਧਰਮ-ਜੋਧਾ ਮੀਰਾਂ ਕੋਟ (ਜ਼ਿਲਾ ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ। ਇਸ ਨੇ ਪੰਥ ਲਈ ਕਈ ਵਡੇ ਬਹਾਦਰੀ ਦੇ ਕੰਮ ਕੀਤੇ। ੧੭੫੭ ਈ: ਵਿਚ ਲਾਹੌਰ ਦੇ ਹਾਕਮ ਨੇ ਇਨ੍ਹਾਂ ਨੂੰ ਚਰਖੀ ਤੇ ਚਾੜ੍ਹ ਕੇ ਸ਼ਹੀਦ ਕੀਤਾ।

੨. ਇਹਨਾਂ ਧਰਮ-ਅਸਥਾਨਾਂ ਦੀ ਬੇਹੁਰਮਤੀ ਕਰਨ ਵਾਲਿਆਂ ਦਾ ਐਸਾ ਹੀ ਹਸ਼ਰ ਹੁੰਦਾ ਹੈ, ਇਹ ਸਿਖ ਕੌਮ ਦਾ ਵਿਸ਼ਵਾਸ ਬਣ ਗਿਆ।



www.AKJ.Org

ਭਾਵੇਂ ਕੋਈ ਸਰਕਾਰ, ਸਿਦਕੀ ਸਿੰਘਾਂ ਆਪਣਾ ਸਿਰੜ ਨਹੀਂ ਛਡਿਆ, ਧਰਮ ਨਹੀਂ ਹਾਰਿਆ, ਸਗੋਂ ਢਹਿ-ਢੇਰੀ ਹੋਏ ਗੁਰ-ਅਸਥਾਨ ਨੂੰ ਹੋਰ ਵੀ ਉਚੇਰੀ ਸ਼ਾਨ ਨਾਲ ਦੁਬਾਰੇ ਖੜਾ ਕਰ ਦਿੱਤਾ।

ਸਰਕਾਰਾਂ ਨੇ ਕਈ ਵਾਰ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ ਤੇ ਪਾਬੰਦੀ ਵੀ ਲਾਈ, ਪਰ ਸੰਗਤਾਂ ਦੇ ਮਨ ਵਿਚ ਗੁਰ-ਤੀਰਥ ਦੇ ਦਰਸ਼ਨ ਇਸ਼ਨਾਨ ਦੀ ਯਾਚਨਾ ਹੋਰ ਵੀ ਸ਼ਿੱਦਤ ਨਾਲ ਉਭਰੀ ਤੇ ਅਰਦਾਸ ਦਾ ਅੰਗ ਬਣ ਗਈ।

---

[੧੨ ਸਫੇ ਦੀ ਬਾਕੀ]

ਆਪਣੇ ਨਾਲ ਲੈ ਆਵੋ। ਭਾਈ ਲਾਲ ਸਿੰਘ ਜੀ ਨੇ ਉਨ੍ਹਾਂ ਦੀ ਇਕ ਨਾ ਮੰਨੀ, ਓਦੋਂ ਵੀ ਸਵਾ ਲੱਖ ਨਾਲ ਧਾਵਾ ਬੋਲਣ ਨੂੰ ਤਿਆਰ ਸਨ। ਸਾਡੇ ਵਿਚੋਂ ਦੂਰ-ਅੰਦੇਸ਼ੀ ਲੰਮੀ ਸੋਚ ਵਾਲੇ ਸਿੰਘਾਂ ਨੇ ਮਸਾਂ ਹੱਥ ਜੋੜ ਜੋੜ ਕੇ ਉਨ੍ਹਾਂ ਨੂੰ ਵਰਜੀ ਰਖਿਆ।

ਇਤਨੇ ਚਿਰ ਨੂੰ ਅਦਾਲਤ ਦਾ ਹਾਤਾ ਵੀ ਆ ਗਿਆ। ਉਧਰੋਂ ਅਦਾਲਤ ਵੀ ਬੜੀ ਘਬਰਾਈ ਬੈਠੀ ਸੀ, ਸਾਨੂੰ ਦੇਖ ਕੇ ਹੋਰ ਵੀ ਘਬਰਾ ਗਈ ਤੇ ਤਲ-ਮਲਾਉਣ ਲਗੀ ਕਿ ਜਿਨ੍ਹਾਂ ਨੂੰ ਤਾਂ ਜੇਲ੍ਹ ਵਿਚ ਹੀ ਰੀਮਾਂਡ ਸੁਣਨ ਦਾ ਹੁਕਮ ਹੈ, ਏਥੇ ਅਦਾਲਤ ਵਿਚ ਲੈ ਕੇ ਕਿਉਂ ਆਏ ? ਗੱਲ ਕੀ, ਸਾਨੂੰ ਪਿਛਲੇ ਪੈਰੀਂ ਹੀ ਤਾਬੜ-ਤੋੜ ਵਾਪਸ ਜੇਲ੍ਹ ਨੂੰ ਹੀ ਤੋਰ ਦਿਤਾ ਗਿਆ। ਫੇਰ ਸਾਨੂੰ ਰੱਖ ਵਾਲੇ ਰਸਤੇ ਨਹੀਂ ਲੈ ਗਏ। ਬੜੀ ਹਿਫਾਜ਼ਤ ਤੇ ਤਕੜਾਈ ਕਰ ਕੇ ਹੋਰ ਰਸਤੇ ਥਾਣੀਂ ਵਿੰਗ ਪਾ ਕੇ ਸਾਨੂੰ ਜੇਲ੍ਹ ਵਿਚ ਵਾਪਸ ਲੈ ਵੜੇ। ਵਿਚਾਰੇ ਲਾਲ ਸਿੰਘ ਜੀ ਤਿਆਰੀਆਂ ਕਰਦੇ ਹੀ ਰਹਿ ਗਏ। ਨ ਅਸੀਂ ਮੁੜ ਕੇ ਰੱਖ ਵਿਚ ਦੀ ਲੰਘੇ, ਨ ਭਾਈ ਲਾਲ ਸਿੰਘ ਜੀ ਦੀਆਂ ਲੂਹਰਵੀਆਂ ਆਸ਼ਾਂ ਪੂਰਨ ਹੋਈਆਂ। ਇਸ ਵਿਚ ਰੰਚਕ ਸੰਦੇਹ ਨਹੀਂ ਸੀ ਕਿ ਜੇ ਅਸੀਂ ਮੁੜ ਕੇ ਉਸੇ ਰਸਤੇ ਵਾਪਸ ਜਾਂਦੇ, ਜਾਂ ਸਾਡੇ ਵਲੋਂ ਜ਼ਰਾ ਵੀ ਇਸ਼ਾਰਾ ਹੋ ਜਾਂਦਾ ਤਾਂ ਭਾਈ ਲਾਲ ਸਿੰਘ ਜੀ ਨੇ ਜ਼ਰੂਰ ਕੁੱਦ ਪੈਣਾ ਸੀ, ਸਾਨੂੰ ਛੁਡਾ ਕੇ ਸਾਰਿਆਂ ਨੂੰ ਹਰਨ ਕਰਾ ਕੇ ਲੈ ਜਾਣਾ ਸੀ। ਇਹ ਉਹ ਸਮਾਂ ਸੀ ਜਦੋਂ ਦੂਰੋਂ ਹੀ ਸਾਨੂੰ ਦੇਖ ਕੇ ਬੰਦਾ ਬਸ਼ਰ ਛਡ ਕੇ ਨਸ ਜਾਂਦਾ ਸੀ। ਕਿਸੇ ਸਿਖ ਦੀ ਪਰੋਖੋਂ ਨਹੀਂ ਸੀ ਕਿ ਸਾਨੂੰ ਫਤਹ ਵੀ ਬੁਲਾ ਸਕੇ। ਸਾਡੇ ਜੇਲ੍ਹ-ਯਾਤਰਾ ਦੇ ਸਮੇਂ ਵਿਚ ਹੀ ਸਾਡੇ ਆਉਣ ਤੋਂ ਪਹਿਲਾਂ ਭਾਈ ਲਾਲ ਸਿੰਘ ਜੀ ਚਲਾਣਾ ਕਰ ਗਏ। ['ਰੰਗਲੇ ਸੱਜਣ' ਪੁਸਤਕ ਵਿਚੋਂ

---

# 'ਸੂਰਾ' ਦੇ ਪਾਠਕਾਂ-ਮੈਂਬਰਾਂ ਪ੍ਰਤੀ ਸੂਚਨਾ

੧) ਇੰਡੀਅਨ ਕਰੰਸੀ ਦੇ ਰੇਟ ਘਟਣ ਨਾਲ ਮਹਿੰਗਾਈ ਵਧੀ ਹੈ। ਮਜਬੂਰਨ 'ਸੂਰਾ' ਦੇ ਸਾਲਾਨਾ ਚੰਦਿਆਂ ਅਤੇ ਅਮਾਨਤੀ ਲਾਈਫ ਮੈਂਬਰਸ਼ਿਪ-ਰੇਟਾਂ ਵਿਚ ਦਸੰਬਰ ੯੧ ਤੋਂ ਵਾਧਾ ਕਰਨਾ ਪਿਆ।

੨) ਪਰਦੇਸੀ ਡਾਕ ਦੇ ਰੇਟ ਦੂਣੇ ਹੋ ਜਾਣ ਕਰਕੇ, ਪਰਦੇਸੀ ਚੰਦੇ ਵੀ ਵਧਾਉਣੇ ਪਏ।

੩) ਦੇਸ ਦੇ ਜਿਨ੍ਹਾਂ ਅਮਾਨਤੀ ਲਾਈਫ ਮੈਂਬਰਾਂ ਨੇ ਅਜ ਤਕ ਡੇਢ ਸੌ ਰੁਪਏ ਜਮ੍ਹਾ ਕਰਾਏ ਹਨ, ਉਨ੍ਹਾਂ ਦੀ ਅਮਾਨਤੀ ਲਾਈਫ ਮੈਂਬਰਸ਼ਿਪ ਖ਼ਤਮ ਕਰ ਕੇ, ਰਕਮ ਸਾਲਾਨਾ ਚੰਦਿਆਂ ਵਿਚ ਤਬਦੀਲ ਕੀਤੀ ਜਾ ਰਹੀ ਹੈ। ਉਨ੍ਹਾਂ ਦੇ ਅਮਾਨਤੀ ਮੈਂਬਰਸ਼ਿਪ ਨੰਬਰ ਨਵੇਂ ਮੈਂਬਰਾਂ ਨੂੰ ਅਲਾਟ ਕੀਤੇ ਜਾ ਰਹੇ ਹਨ। ਜੇ ਕੋਈ ਅਜੇ ਵੀ ਇਕ ਸੌ ਰੁਪਏ ਵਧੇ ਰੇਟਾਂ ਮੁਤਾਬਕ ਭੇਜ ਦੇਵੇ ਤਾਂ ਉਹ ਅਮਾਨਤੀ ਮੈਂਬਰ ਕਾਇਮ ਰਹਿ ਸਕਦਾ ਹੈ।

੪) ਇਸੇ ਤਰ੍ਹਾਂ ਜਿਨ੍ਹਾਂ ਪਰਦੇਸੀ ਅਮਾਨਤੀ ਲਾਈਫ ਮੈਂਬਰਾਂ ਵਲੋਂ ਇਕ ਹਜ਼ਾਰ ਰੁਪਏ ਜਮ੍ਹਾ ਕਰਾਏ ਹੋਏ ਹਨ; ਉਹ ਇਕ ਹਜ਼ਾਰ ਰੁਪਏ ਹੋਰ ਭੇਜਣ, ਨਹੀਂ ਤਾਂ ਉਨ੍ਹਾਂ ਵਲੋਂ ਪੁਜੀ ਰਕਮ ਸਾਲਾਨਾ ਚੰਦਿਆਂ ਵਿਚ ਤਬਦੀਲ ਹੋ ਜਾਏਗੀ ਅਤੇ ਉਨ੍ਹਾਂ ਦੀ ਅਮਾਨਤੀ ਲਾਈਫ ਮੈਂਬਰਸ਼ਿਪ ਖ਼ਤਮ ਹੋ ਜਾਏਗੀ।

੫) ਪਰਦੇਸੀ ਵੀਰ ਵਧੇ ਰੇਟਾਂ ਅਨੁਸਾਰ ਅਮਾਨਤੀ ਲਾਈਫ ਮੈਂਬਰਸ਼ਿਪ ਦੇ ੫੦੦/- ਅਥਵਾ ੧੦੦੦/- ਰੁਪਏ ਛੇਤੀ ਤੋਂ ਛੇਤੀ ਭੇਜਣ ਦੀ ਕਿਰਪਾਲਤਾ ਕਰਨ।

੬) ਦੇਸ ਦੇ ਅਮਾਨਤੀ ਮੈਂਬਰ ਦਸੰਬਰ ੯੧ ਤੋਂ ਵਧੇ ਰੇਟਾਂ ਅਨੁਸਾਰ ਪੰਜਾਹ ਰੁਪਏ ਛੇਤੀ ਤੋਂ ਛੇਤੀ ਭੇਜਣ ਜੀ।

www.AKJ.Org

# ਜਰਾ ਰੋਗ

[ਪ੍ਰਿੰਸੀਪਲ ਸੱਜਣ ਸਿੰਘ ਜੀ, 618, ਗੋਬਿੰਦਪੁਰੀ, ਕਾਲਕਾ ਜੀ, ਨਵੀਂ ਦਿਲੀ-19]

ਇਸ ਸੰਸਾਰ ਵਿਚ ਹਰੇਕ ਦ੍ਰਿਸ਼ਟਮਾਨ ਪਦਾਰਥ ਉਤਪਤੀ ਤੇ ਬਿਨਾਸ਼ ਦੇ ਘੇਰੇ ਅੰਦਰ ਹੈ। ਬਾਕੀ ਜੂਨੀਆਂ ਵਾਂਗਰ ਮਨੁੱਖਾ ਜ਼ਿੰਦਗੀ ਤੇ ਵੀ ਇਹ ਅਟੱਲ ਨਿਯਮ ਲਾਗੂ ਹੁੰਦਾ ਹੈ। ਇਸ ਸੰਬੰਧ ਵਿਚ ਜਨਮ, ਬਚਪਨ, ਜੁਆਨੀ, ਬੁਢਾਪਾ, ਮੌਤ; ਤੇ ਫਿਰ ਜਨਮ ਆਦਿ ਦਾ ਚੱਕਰ ਚੱਲਦਾ ਸਭੀ ਪ੍ਰਾਣੀਆਂ ਨੂੰ ਦਿਖਾਈ ਦਿੰਦਾ ਹੈ। ਜਨਮ-ਮਰਨ ਦੋਨੋਂ ਨਾਲ ਨਾਲ ਚੱਲਦੇ ਹਨ; ਜਿਸ ਦਾ ਜਨਮ ਹੈ, ਉਸ ਦੀ ਮੌਤ ਅਵੱਸ਼ ਹੈ। ਕੇਵਲ ਪਰਮਾਤਮਾ ਅਜਨਮ ਹੈ ਤੇ ਅਕਾਲ ਹੈ।

ਜਨਮ ਤੋਂ ਮੌਤ ਤਕ ਜੇ ਆਯੂ ਅਧੂਰੀ ਨ ਕੱਟ ਜਾਵੇ ਤਾਂ ਤਿੰਨ ਅਵਸਥਾਵਾਂ ਨੂੰ ਪ੍ਰਦਰਸ਼ਨ ਕਰਦੀ ਹੈ, ਜਿਨ੍ਹਾਂ ਦਾ ਹਵਾਲਾ ਗੁਰਬਾਣੀ ਵਿਚ ਬਾਰ ਬਾਰ ਆਉਂਦਾ ਹੈ :-

ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥
ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥੩੫॥
(ਸਲੋਕ ਮਹਲਾ ੯, ਪੰਨਾ ੧੪੨੮)

'ਸਿਰੀ ਰਾਗੁ ਪਹਰੇ' ਬਾਣੀ ਵਿਚ ਮਨੁੱਖਾ ਜੀਵਨ ਨੂੰ ਰਾਤ ਆਖਿਆ ਗਿਆ ਹੈ ਤੇ ਜਨਮ ਤੋਂ ਪਹਿਲਾਂ 'ਗਰਭਾਸਿ' ਅਰਥਾਤ ਗਰਭ ਵਿਚ ਨਿਵਾਸ ਸਮੇਤ ਚਾਰ ਅਵਸਥਾਵਾਂ ਨੂੰ ਚਾਰ ਪਹਰੇ ਬਖਾਨਿਆ ਹੈ। ਸਿਰਜਣਹਾਰ ਨੇ ਜੀਵ ਨੂੰ ਪੂਰਬਲੇ ਕਰਮਾਂ ਦਾ ਯੋਗ ਫਲ ਭੁਗਤਾਉਣ ਲਈ ਗਰਭ ਜੋਨੀ ਵਿਚ ਪਾ ਕੇ ਪੁੱਠਾ ਲਟਕਾਇਆ-

ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥
ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥
(ਸਿਰੀ ਰਾਗੁ ਪਹਰੇ ਮ: ੧, ਪੰਨਾ ੭੪-੭੫)

ਦੂਜੇ ਪਹਰੇ ਵਿਚ ਬਾਲਕ ਦੀ ਅਚੇਤ ਬੁੱਧੀ, ਮਾਤ ਪਿਤਾ ਦੇ ਲਾਡ-ਪਿਆਰ, ਨੇਹ ਘਨੇਰੇ ਅਧੀਨ ਹੱਥੋ ਹੱਥ ਨਚਾਉਣ ਦਾ ਚਿਤ੍ਰ ਖਿਚਿਆ ਹੈ। ਯੁਵਾ ਅਵਸਥਾ ਆਪ-ਹੁਦਰੇਪਨ ਤੇ ਜ਼ਿਮੇਵਾਰੀ ਵਲੋਂ ਕੋਤਾਹੀ ਨਾਲ ਭਰਪੂਰ ਹੈ। ਅਜਿਹਾ ਨੌਜਵਾਨ, ਸੰਜਮ ਬਿਨ, ਅਹਿਨਿਸਿ ਕਾਮਿ ਵਿਆਪਿਆ, ਰਸਾਂ ਕਸਾਂ ਵਿਚ ਲੀਨ, ਬੁਰਾ ਭਲਾ ਮੂਲੋਂ ਹੀ ਨਹੀਂ ਪਛਾਣਦਾ। ਹਜ਼ੂਰ ਦਾ ਫ਼ੁਰਮਾਨ ਹੈ :-

ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥
ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥
ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥
ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥
ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥
ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥ (ਪੰਨਾ ੭੫)

ਜਵਾਨੀ ਦੀ ਮੌਜ-ਬਹਾਰ ਤੇ ਐਸ਼-ਪ੍ਰਸਤੀ ਵਿਚ ਗਲਤਾਨ ਬੰਦੇ ਨੂੰ ਏਨੀ ਵੀ ਸੋਝੀ ਨਹੀਂ ਰਹਿੰਦੀ ਕਿ ਉਸ ਦੇ ਗ਼ਲਤ ਵਿਚਾਰਾਂ ਤੇ ਗ਼ੈਰ-ਕੁਦਰਤੀ ਕਰਮਾਂ ਦਾ ਕੀ ਸਿੱਟਾ ਨਿਕਲੇਗਾ। ਉਹ ਤਾਂ ਸਦ-ਜੋਬਨ ਭਰਿਆ ਜੀਵਨ ਬਿਤਾਉਣ ਦੀ ਕੂਕਰੀ ਆਸ ਲੈ ਕੇ ਬੈਠਾ ਹੈ। ਅਕਲ ਦੇ ਅੰਨ੍ਹੇ, ਸਾਕਤ ਪੁਰਸ਼ ਨੂੰ ਜੋਬਨ ਜਾਂਦਾ ਤੇ ਬੁਢਾਪਾ ਆਉਂਦਾ, ਇਹ ਲਗਾਤਾਰ ਪ੍ਰੀਵਰਤਨ ਪ੍ਰਤੀਤ ਨਹੀਂ ਹੁੰਦਾ-

ਜੋਬਨੁ ਜਾਂਦਾ ਨਦਰਿ ਨ ਆਵਈ ਜਰੁ ਪਹੁੰਚੈ ਮਰਿ ਜਾਈ ॥



www.AKJ.Org

ਪੁਤੁ ਕਲਤੁ ।ਮੋਹੁ ਹੇਤੁ ਹੈ ਅੰਤਿ ਬੇਲੀ ਕੋ ਨ ਸਖਾਈ ॥੧੯॥ (ਪੰਨਾ ੧੪੧੪)

ਇਹ ਹੋਣੀ ਅਵੱਸ਼ ਵਰਤਣੀ ਹੈ ਤੇ ਤਬਦੀਲੀ ਦਾ ਕ੍ਰਮ ਬਦਲਣਾ ਨਹੀਂ। ਜਵਾਨੀ ਗਈ ਵਾਪਸ ਨਹੀਂ ਆਉਣੀ ਤੇ ਬੁਢਾਪਾ ਆਇਆ ਵਾਪਸ ਨਹੀਂ ਜਾਣਾ। ਕਿਉਂਕਿ ਬੁਢਾਪੇ ਦਾ ਕੋਈ ਇਲਾਜ ਨਹੀਂ, ਕੋਈ ਇਕ ਰੋਗ ਹੋਵੇ ਤਾਂ ਦਾਰੂ ਲੱਗ, ਸਾਰਾ ਸਰੀਰ ਹੀ ਰੋਗ-ਗ੍ਰਸਤ ਹੋ ਜਾਂਦਾ ਹੈ। ਸਿਆਣਿਆਂ ਨੇ ਇਸ ਅਵਸਥਾ ਦਾ ਨਾਉਂ ਹੀ 'ਜਰਾ ਰੋਗ' ਧਰਿਆ ਹੈ। ਨੌਵੇਂ ਪਾਤਸ਼ਾਹ ਇਸ ਦੀ ਪ੍ਰੋੜ੍ਹਤਾ ਇਕ ਸਲੋਕ ਰਾਹੀਂ ਇਉਂ ਕਰਦੇ ਹਨ:

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ ॥
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤ ਹੈ ਬੀਤਿ ॥੩॥ (੧੪੨੬)

ਸਰੀਰ ਦੀ ਮੂਲ-ਸ਼ਕਤੀ ਖੀਣ ਹੁੰਦੀ ਜਾ ਰਹੀ ਹੈ ਤੇ ਹਾਰ ਕੇ ਇਕ ਦਿਨ ਜਵਾਬ ਦੇ ਦਵੇਗੀ। ਉਸ ਉਪਰੰਤ ਮੌਤ ਦੀ ਖਾਈ ਵਿਚ ਡਿਗਣ ਤੋਂ ਬਚਿਆ ਨਹੀਂ ਜਾ ਸਕਦਾ। ਇਸ ਦੁਖਦਾਈ ਕਾਲ ਵਿਚ ਹਰਿ ਨਾਮ ਬਿਨਾਂ ਕੋਈ ਸਹਾਈ ਨਹੀਂ।

ਬੁਢਾਪਾ ਬਿਨ-ਬੁਲਾਇਆ ਮਹਿਮਾਨ ਹੈ। ਆਪਣੀ ਸ਼ਕਲ ਦਿਖਾਉਣ ਤੋਂ ਪਹਿਲਾਂ, ਹਰਕਾਰੇ ਰਾਹੀਂ ਸੰਦੇਸ਼ ਭੇਜਦਾ ਹੈ ਤੇ ਇਨਸਾਨ ਨੂੰ ਵੱਖ ਵੱਖ ਚਿੰਨ੍ਹਾਂ ਦੁਆਰਾ ਸਾਵਧਾਨ ਕਰਦਾ ਹੈ ਕਿ "ਐ ਜੀਵ! ਸੰਭਲ ਜਾਹ ਤੇ ਉਹ ਕੰਮ ਕਰ ਜਿਹੜੇ ਤੂੰ ਆਪਣੇ ਨਾਲ ਲੈ ਜਾ ਸਕੇਂਗਾ। ਤੂੰ ਮੰਨ ਭਾਵੇਂ ਨਾ ਮੰਨ, ਇਹ ਤੇਰੀ ਮਰਜ਼ੀ ਹੈ, ਮੈਂ ਆਉਣ ਵਾਲਾ ਹਾਂ, ਫਿਰ ਤੈਨੂੰ ਬਹੁਤ ਔਖਿਆਈ ਹੋਵੇਗੀ।" ਬੁਢਾਪੇ ਤੇ ਮੌਤ ਦੇ ਸੰਦੇਸ਼ ਨੂੰ ਗੁਰਮੁਖ ਜਨ ਸੱਤ ਮੰਨ ਕੇ ਜੀਵਨ ਸਫਲ ਕਰਦੇ ਹਨ ਤੇ ਮਨਮੁਖ ਛਿਨ ਭੰਗੁਰ ਸੁਖਾਂ ਦੇ ਪਿਛੇ ਲੱਗ ਕੇ ਸੱਚੀ ਗੱਲ ਨੂੰ ਸੁਣੀ ਅਣਸੁਣੀ ਕਰਦੇ ਹਨ–

ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ ॥੯੮॥ (ਪੰਨਾ ੧੩੮੩)

ਕੇਸਾਂ ਦਾ ਕਾਲਾਪਨ ਜੁਆਨੀ ਦਾ, ਤੇ ਕੇਸਾਂ ਦਾ ਚਿੱਟਾਪਨ ਬਿਰਧ ਅਵਸਥਾ ਦਾ ਸੂਚਕ ਹੈ। ਜਦ ਬਾਲ ਬਿਨ ਸਾਬੂਣੇ ਉੱਜਲ ਹੋਣੇ ਆਰੰਭ ਹ ਜਾਣ ਤਾਂ ਸਮਝੋ ਕਿ ਇਹ ਵੀ ਜਮਰਾਜ ਦੇ ਦੂਤਾਂ ਦੇ ਆਉਣ ਦਾ ਪ੍ਰਤੱਖ ਸੰਦੇਸ਼ ਹੈ, ਸਰਬ-ਕਾਲੀ ਲੱਛਣ ਹੈ–

ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥
ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗਲਿ ਬੰਧਿ ਲਇਆ ॥੫॥

(ਆਸਾ ਮਹਲਾ ੧, ਪੰਨਾ ੪੩੨)

ਦੂਜੀ ਖ਼ਾਸ ਨਿਸ਼ਾਨੀ ਸਮੁੱਚੇ ਸਰੀਰ ਦੇ ਛਿੱਜਣ ਦੀ ਹੈ। ਕੰਚਨ ਵਰਗੇ ਸੁੰਦਰ ਸੁਡੌਲ ਸਰੀਰ ਦੀ ਹਾਲਤ ਨਿਤਾਪ੍ਰਤੀ ਨਿੱਘਰਦੀ ਜਾਂਦੀ ਹੈ ਤੇ ਬੋਸੀਦੇ (ਫਟੇ ਪੁਰਾਣੇ) ਕਪੜੇ ਵਾਂਗਰ ਬਣ ਜਾਂਦੀ ਹੈ, ਜਿਸ ਦੀ ਮੁਰੰਮਤ ਕਰਣੀ ਅਸੰਭਵ ਹੈ। ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਕੁਝ ਕਰੜੇ ਸ਼ਬਦਾਂ ਰਾਹੀਂ ਉਪਦੇਸ਼ ਕਰਦੇ ਹਨ ਕਿ ਅਗਿਆਨੀ ਮੂਰਖ ਜਾਣਦਾ ਤੱਕ ਨਹੀਂ ਕਿ ਛਿਨ-ਛਿਨ ਪਲ-ਪਲ ਬੁਢਾਪਾ ਖਾ ਰਿਹਾ ਹੈ ਇਸ ਖ਼ੂਬਸੂਰਤ ਕਾਇਆ ਨੂੰ। ਫ਼ੁਰਮਾਨ ਹੈ–

ਅਚੇਤ ਮੂੜਾ ਨ ਜਾਣੰਤ ਘਟੰਤ ਸਾਸਾ ਨਿਤ ਪ੍ਰਤੇ ॥
ਛਿਜੰਤ ਮਹਾ ਸੁੰਦਰੀ ਕਾਂਇਆ ਕਾਲ ਕੰਨਿਆ ਗ੍ਰਾਸਤੇ ॥੬॥

(ਸਲੋਕ ਸਹਸਕ੍ਰਿਤੀ ਮ: ੫, ਪੰਨਾ ੧੩੫੯)

ਜਰਾ ਰੋਗ ਦੇ ਮਰੀਜ਼ ਨੂੰ ਆਪਣੀ ਸਥਿਤੀ ਤੇ ਸਬਰ ਕਰਨ ਸਿਵਾਏ ਹੋਰ ਕੋਈ ਚਾਰਾ ਨਹੀਂ। ਬੇਬਸ ਵਿਚਾਰਾ ਕੀ ਕਰੇ? ਨਾ ਆਸ਼ਾ, ਨਾ ਕਰਮ ਕਮਾਉਣ ਦਾ ਉੱਦਮ, ਨਿਰਾਸ਼ਾਵਾਦੀ ਨਾ ਬਣੇ ਤਾਂ ਹੋਰ ਕੀ ਕਰੇ? ਸਰੀਰ ਦੀ ਚਮਕ ਦਮਕ, ਤੇਜ ਪਰਤਾਪ ਸਭ ਸੁਪਨ ਸਮਾਨ ਪਰਤੀਤ ਹੁੰਦੀਆਂ ਹਨ।



www.AKJ.Org

ਜਰਾ ਦੇ ਰੋਗੀ ਦੀ ਤਰਸ ਯੋਗ ਤੇ ਪੀੜਿਤ ਦਸ਼ਾ ਦਾ ਨਕਸ਼ਾ ਗੁਰਬਾਣੀ ਦੇ ਅਟੱਲ ਫ਼ੁਰਮਾਨਾਂ ਦੁਆਰਾ ਖਿੱਚਿਆ ਗਿਆ ਹੈ–

(ੳ) ਪੁੰਡਰ ਕੇਸ ਕੁਸਮ ਤੇ ਧਉਲੇ ਸਪਤ ਪਾਤਾਲ ਕੀ ਬਾਣੀ ॥
ਲੋਚਨ ਸ੍ਰਮਹਿ ਬੁਧਿ ਬਲ ਨਾਠੀ ਕਾਮੁ ਪਵਸਿ ਮਾਧਾਣੀ ॥
ਤਾ ਤੇ ਬਿਖੈ ਭਈ ਮਤਿ ਪਾਵਸਿ ਕਾਇਆ ਕਮਲੁ ਕੁਮਲਾਣਾ ॥
ਅਵਗਤਿ ਬਾਣਿ ਛੋਡਿ ਮ੍ਰਿਤ ਮੰਡਲਿ ਤਉ ਪਾਛੈ ਪਛੁਤਾਣਾ ॥੪॥ (ਪੰਨਾ ੯੩)

(ਅ) ਚਰਨ ਸੀਸੁ ਕਰ ਕੰਪਨ ਲਾਗੇ ਨੈਨੀ ਨੀਰੁ ਅਸਾਰ ਬਹੈ ॥
ਜਿਹਵਾ ਬਚਨੁ ਸੁਧੁ ਨਹੀ ਨਿਕਸੈ ਤਬ ਰੇ ਧਰਮ ਕੀ ਆਸ ਕਰੈ ॥੩॥੧੫॥ (੪੭੯)

(ੲ) ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ ॥੩॥੩॥ (੧੧੨੬)

(ਸ) ਭੂੰਡੀ ਚਾਲ ਚਰਣ ਕਰ ਖਿਸਰੇ ਤੁਚਾ ਦੇਹ ਕੁਮਲਾਨੀ ॥
ਨੇਤ੍ਰੀ ਧੁੰਧਿ ਕਰਨ ਭਏ ਬਹਰੇ ਮਨਮੁਖਿ ਨਾਮੁ ਨ ਜਾਨੀ ॥੧॥੪॥(ਭੈਰਉ ਮਹਲਾ ੧–੧੧੨੬)

(ਹ) ਅਖੀ ਅੰਧੁ ਜੀਭ ਰਸੁ ਨਾਹੀ ਕੰਨੀ ਪਵਣੁ ਨ ਵਾਜੈ ॥
ਚਰਣੀ ਚਲੈ ਪਜੂਤਾ ਆਗੈ ਵਿਣੁ ਸੇਵਾ ਫਲ ਲਾਗੇ ॥੨॥੧੯॥ (ਆਸਾ ਮ: ੧, ਪੰ: ੩੫੪)

(ਕ) ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧਵਾਨੀ ॥
ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥ (ਭਗਤ ਭੀਖਨ ਜੀ–੬੫੯)

ਜਰਾ ਰੋਗ ਵਿਚ ਗ੍ਰਸਿਆ ਸੰਸਾਰੀ ਜੀਵ ਮੌਤ ਕਿਨਾਰੇ ਬੈਠਾ ਹੈ। ਪੰਜੇ ਗਿਆਨ ਇੰਦ੍ਰੇ ਨਿਕਾਰੇ ਹੋ ਗਏ, ਸੰਸਾਰਕ ਰਸ ਖ਼ਤਮ ਹੋ ਗਿਆ, ਪ੍ਰਾਣ ਨਿਕਲਦੇ ਨਹੀਂ, ਪਤਾ ਨਹੀਂ ਕਿਹੜੇ ਪੂਰਬਲ ਕਰਮਾਂ ਦਾ ਫਲ ਹੈ। ਐਸੀ ਦਰਦਨਾਕ, ਲਾਚਾਰੀ ਹਾਲਤ ਤੱਕ ਕੇ ਪਿਆਰੇ ਤੋਂ ਪਿਆਰਾ ਸੰਬੰਧੀ ਜੀਵ ਵੀ ਇਸ ਨਰਕ ਤੋਂ ਮੁਕਤੀ ਲੋਚਦਾ ਹੈ। ਉਮਰ ਦੀ ਆਖ਼ਰੀ ਬੇਲਾ ਬਾਰੇ ਹਜ਼ੂਰ ਦਾ ਫ਼ੁਰਮਾਨ ਹੈ–

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ ॥
ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ ॥
ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉਤਾਣਾ ॥
ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ ॥
ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦੁ ਪਛਾਣੁ ॥੪॥ (੭੬)

ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਅਨੁਸਾਰ "ਬ੍ਰਹਮਾ ਵੈਵਰਤ ਪੁਰਾਣ ਵਿਚ ਲਿਖਿਆ ਹੈ ਕਿ 'ਜਰਾ' ਕਾਲ ਦੀ ਪੁਤ੍ਰੀ ਹੈ, ਜੋ ਆਪਣੇ ਭਾਈ ਚੌਸਠ ਰੋਗਾਂ ਨੂੰ ਨਾਲ ਲੈ ਕੇ ਆਉਂਦੀ ਹੈ।"

ਮਨਮੁੱਖਾਂ ਦੀ ਕਾਇਆਂ ਤਾਂ ਕੁਮਲਾਂਦੀ ਹੀ ਹੈ, ਉਨ੍ਹਾਂ ਦੇ ਸੋਚਣ ਵਿਚ, ਵਿਹਾਰ ਵਿਚ ਤੇ ਬੈਠਣ ਉੱਠਣ ਵਿਚ ਬੱਚਿਆਂ ਜਿਹੀਆਂ ਆਦਤਾਂ ਬਣ ਜਾਂਦੀਆਂ ਹਨ।

ਮਨਮੁਖੁ ਬਾਲਕੁ ਬਿਰਧਿ ਸਮਾਨਿ ਹੈ ਜਿਨਾ ਅੰਤਰਿ ਹਰਿ ਸੁਰਤਿ ਨਾਹੀ ॥
ਵਿਚਿ ਹਉਮੈ ਕਰਮ ਕਮਾਵਦੇ ਸਭ ਧਰਮਰਾਇ ਕੈ ਜਾਂਹੀ ॥੪੫॥ (੧੪੧੮)

ਉਨ੍ਹਾਂ ਦੀਆਂ ਲੋੜਾਂ, ਖ਼ਾਹਸ਼ਾਂ, ਗੱਲਾਂ, ਹਰਕਤਾਂ, ਅੜੀਆਂ, ਜ਼ਿਦਾਂ ਤੇ ਸੁਭਾਵਾਂ ਵਿਚ ਸਿਆਣਪ ਦਾ ਅੰਸ਼ ਦਿਖਾਈ ਨਹੀਂ ਦਿੰਦਾ। ਗੁਰ ਫ਼ੁਰਮਾਨ ਹੈ :–

ਨੈਨੀ ਦ੍ਰਿਸਟਿ ਨਹੀ ਤਨੁ ਹੀਨਾ ਜਰਿ ਜੀਤਿਆ ਸਿਰਿ ਕਾਲੋ ॥
ਰੂਪੁ ਰੰਗੁ ਰਹਸੁ ਨਹੀ ਸਾਚਾ ਕਿਉ ਛੋਡੈ ਜਮ ਜਾਲੋ ॥੧॥



www.AKJ.Org

ਪ੍ਰਾਣੀ ਹਰਿ ਜਪਿ ਜਨਮੁ ਗਇਓ ॥
ਸਾਚ ਸਬਦ ਬਿਨੁ ਕਬਹੁ ਨ ਛੂਟਸਿ ਬਿਰਥਾ ਜਨਮੁ ਭਇਓ ॥੧॥ਰਹਾਉ॥ (ਪੰਨਾ ੧੧੨੫-੨੬)

ਨਾਮ ਬਿਹੂਣਾ ਜੀਵਨ ਅਸਲ ਬੁਢਾਪਾ ਹੈ। ਜ਼ਿੰਦਗੀ ਦੇ ਵਿਸ਼ਾਲ ਤਜਰਬੇ ਦੇ ਬਾਵਜੂਦ ਬੰਦੇ ਕੋਲ "ਰੂਪੁ ਰੰਗੁ ਰਹਸੁ ਨਹੀ ਸਾਚਾ" ਅਤੇ ਸੁਰਤੀ ਪੱਕੇ ਨਾਮ-ਮਜੀਠੀ ਰੰਗ, ਰੱਬੀ ਸੁੰਦਰਤਾ ਤੇ ਵਿਵੇਕੀ ਰਮਜ਼ਾਂ ਤੋਂ ਕੱਲਰ ਦੀ ਧਰਤੀ ਵਾਂਗਰ, ਬੰਜਰ ਹੈ।

ਅੱਗਾ ਨਿਕਟ ਦਿਖਾਈ ਦਿੰਦਾ ਹੈ, ਜਿਸ ਘਰਿ ਜਾਣਾ ਹੈ, ਉਸ ਦੀ ਸਾਰ ਨਹੀਂ, ਕੰਨ ਬਹਰੇ ਹੋ ਗਏ, ਗੁਰ-ਉਪਦੇਸ਼ ਸੁਣਿਆ ਨਹੀਂ ਜਾਂਦਾ। ਅਕਲ ਵਿਚ ਹੋਛਾਪਨ ਘਰ ਕਰ ਗਿਆ, ਮਾਇਆ ਤੇ ਪਰਿਵਾਰ ਦੇ ਮੋਹ ਵਿਚ ਗਲਤਾਨ ਹੋਣ ਕਰਕੇ ਉਸ ਦੀ ਸੁਰਤੀ ਦੈਵੀ ਗਿਆਨ ਵਿਚ ਚੁੱਭਦੀ ਨਹੀਂ। ਉਸ ਦੀ 'ਅਕਲਿ ਭਈ ਹੋਛੀ' ਅਤੇ ਹਰਿ ਸੁਰਤਿ ਗਿਆਨ ਨਹੀਂ। ਕਿਉਂਕਿ ਉਸ ਵਿਚਾਰੇ ਨੇ ਅਜੇ ਤਕ ਸਹਜ ਸ਼ਬਦ ਦਾ ਸੁਆਦ ਨਹੀਂ ਚਖਿਆ, ਉਸ ਦੀ ਮਾਨਸਕ ਸ਼ਕਤੀ ਨੂੰ ਸਮ-ਅਵਸਥਾ ਵਿਚ ਰੱਖਣ ਵਾਲਾ 'ਸਾਚਾ ਰਹੱਸ' ਨਸੀਬ ਨਹੀਂ ਹੋਇਆ।

ਬਹਰੇ ਕਰਨ ਅਕਲਿ ਭਈ ਹੋਛੀ ਸਬਦ ਸਹਜੁ ਨਹੀ ਬੂਝਿਆ ॥
ਜਨਮੁ ਪਦਾਰਥੁ ਮਨਮੁਖਿ ਹਾਰਿਆ ਬਿਨੁ ਗੁਰ ਅੰਧੁ ਨ ਸੂਝਿਆ ॥੩॥੩॥ (੧੧੨੬)

ਇਸ ਦੇ ਬਿਪਰੀਤ ਗੁਰਮੁਖ ਜਨ ਗੁਰ-ਮੰਤਰ ਦੀ ਕਮਾਈ ਦੇ ਤੁਫ਼ੈਲ ਪ੍ਰਸੰਨਤਾ ਤੇ ਖੇੜੇ ਦਾ ਰੰਗ ਮਾਣਦੇ ਹਨ ਤੇ ਸੋਕੇ ਦੀ ਬਿਮਾਰੀ ਤੋਂ ਸੁਰੱਖਿਅਤ ਰਹਿੰਦੇ ਹਨ–

ਹਰਿ ਹਰਿ ਕਰਹਿ ਸਿ ਸੂਕਹਿ ਨਾਹੀ ਨਾਨਕ ਪੀੜ ਨ ਖਾਹਿ ਜੀਉ ॥
ਨਾਮੁ ਲੈਨਿ੍ ਸਿ ਸੋਹਹਿ ਤਿਨ੍ ਸੁਖ ਫਲ ਹੋਵਹਿ ਮਾਨਹਿ ਸੇ ਜਿਣਿ ਜਾਹਿ ਜੀਉ ॥੪॥੧॥੪॥
(ਆਸਾ ਮਹਲਾ ੧, ਪੰਨਾ ੪੩੮)

ਗੁਰਦੇਵ ਜੀ ਦਾ ਉਪਦੇਸ਼ ਬਾਰ ਬਾਰ ਇਹ ਦ੍ਰਿੜ੍ਹਾਉਂਦਾ ਹੈ ਕਿ ਸੰਤ ਜਨਾਂ ਤੇ ਭਗਤਾਂ ਨੂੰ ਜਰਾ ਰੋਗ ਨਹੀਂ ਵਿਆਪਦਾ, ਉਨ੍ਹਾਂ ਨੇ ਜੀਵਨ-ਪਦਵੀ ਪ੍ਰਾਪਤ ਕੀਤੀ ਹੋਈ ਹੁੰਦੀ ਹੈ। ਭਗਤ ਕਬੀਰ ਜੀ, ਸ੍ਰੀ ਗੁਰੂ ਅਮਰਦਾਸ ਜੀ, ਬਾਬਾ ਬੁੱਢਾ ਜੀ ਦੀਰਘ ਆਯੂ ਬਤੀਤ ਕਰਦੇ ਹੋਏ ਵੀ ਜਰਾ ਰੋਗ ਦੇ ਕਸ਼ਟਾਂ ਤੋਂ ਮੁਕਤ ਰਹੇ। ਇਸ ਦਾ ਕਾਰਨ ਭਾਵੇਂ ਅਲਪ ਅਹਾਰ, ਸਾਤਵਿਕ ਭੋਜਨ, ਤੇ ਸੰਜਮ ਹੋਵੇ, ਭਾਵੇਂ ਕਾਮ ਕ੍ਰੋਧ ਦੀ ਅਗਨੀ ਤੋਂ ਨਿਰਲੇਪ, ਬੇਪਰਵਾਹੀ ਅਤੇ ਖੇੜੇ ਭਰਿਆ ਜੀਵਨ, ਤੇ ਸਿਮਰਨ ਦੀ ਕਲਾ ਹੋਵੇ, ਪਰ ਇਹ ਹਕੀਕਤ ਹੈ ਕਿ ਗੁਰ-ਉਪਦੇਸ਼ ਕਮਾਵਣ ਵਾਲੇ ਗੁਰਸਿਖ ਨਾ-ਕੇਵਲ ਸਰੀਰਕ ਰੋਗਾਂ ਤੋਂ ਬਚੇ ਰਹਿੰਦੇ ਹਨ, ਬਲਕਿ ਬੁਢੇਪੇ ਵਿਚ ਵੀ ਜਰਾ ਰੋਗ ਤੋਂ ਅਪਰਸ ਰਹਿੰਦੇ ਹਨ।

ਗੁਰਮਤਿ ਅਨੁਸਾਰ ਨਾਮ ਸਿਮਰਨ ਅਭਿਆਸ ਦੁਆਰਾ ਸਰੀਰ ਦਾ ਵਿਕਾਸ ਕਰਨ ਵਾਲੀ ਅਤੇ ਨਿਯੰਤ੍ਰਣ ਵਿਚ ਰੱਖਣ ਵਾਲੀ ਮੂਲ ਸ਼ਕਤੀ ਏਨੀ ਤਕੜੀ ਤੇ ਪ੍ਰਭਾਵਸ਼ਾਲੀ ਬਣ ਜਾਂਦੀ ਹੈ ਕਿ ਸਰੀਰ ਦਾ ਕੋਈ ਅੰਗ ਖੀਨ ਨਹੀਂ ਹੁੰਦਾ।

ਇਸ ਦਾ ਇਹ ਭਾਵ ਨਹੀਂ ਕਿ ਸੰਤ ਜਨਾਂ ਦੇ ਸਰੀਰ ਵਿਚ ਜਿਸਮਾਨੀ ਤੌਰ ਤੇ ਪ੍ਰੀਵਰਤਨ ਨਹੀਂ ਹੁੰਦਾ। ਕੁਦਰਤਿ ਦੇ ਨਿਯਮ ਅਟੱਲ ਹਨ, ਪਰ ਉਨ੍ਹਾਂ ਦੀ ਆਤਮਕ ਸ਼ਕਤੀ ਦੀ ਬਦੌਲਤ ਜਰਾ ਰੋਗ ਹਾਵੀ ਨਹੀਂ ਹੁੰਦਾ।

ਇਸ ਦੇਹੀ-ਘੋੜੀ ਦਾ ਚਾਲਕ 'ਮਨ' ਹੈ। ਮਨਮੁਖਾਂ ਦੇ ਮਨ ਤਾਂ ਮਾਇਆ ਦੇ ਦੂਤਾਂ ਦੇ ਢਹੇ ਚੜ੍ਹ ਕੇ ਅਤਿ ਨਿਰਬਲ ਹੋ ਜਾਂਦੇ ਹਨ, ਪਰ ਗੁਰਮੁਖਾਂ ਦੇ ਮਨ ਗੁਰ-ਸੇਵਾ ਤੇ ਨਾਮ-ਸਿਮਰਨ ਦੀ ਬਰਕਤ ਨਾਲ ਸਬੱਲ ਹੁੰਦੇ ਹਨ–

ਇਹੁ ਮਨੁ ਸਕਤੀ ਇਹੁ ਮਨੁ ਜੀਉ ॥ ਇਹੁ ਮਨੁ ਪੰਚ ਤਤ ਕੋ ਜੀਉ ॥
ਇਹੁ ਮਨੁ ਲੇ ਜਉ ਉਨਮਨਿ ਰਹੈ ॥ ਤਉ ਤੀਨਿ ਲੋਕ ਕੀ ਬਾਤੈ ਕਹੈ ॥੩੩॥ (ਪੰਨਾ ੩੪੨)

ਉਨਮਨੀ ਅਵਸਥਾ ਵਿਚ ਵਿਚਰਨ ਵਾਲੇ ਗੁਰਮੁਖ ਜਨਾਂ ਦੀ ਅਵਸਥਾ ਇਹ ਹੁੰਦੀ ਹੈ ਕਿ–


www.AKJ.Org

ਸਬਦੇ ਸਦਾ ਬਸੰਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ ॥
ਨਾਨਕ ਨਾਮੁ ਨ ਵੀਸਰੈ ਜਿਨਿ ਸਿਰਿਆ ਸਭ ਕੋਇ ॥੬੦॥ (ਪੰਨਾ ੧੪੨੦)

ਸਤਿਗੁਰੂ ਦੇ ਸਨਮੁਖ ਗੁਰਸਿਖਾਂ ਦੇ ਮਨ ਗੁਰ-ਉਪਦੇਸ਼ ਦੀ ਕਮਾਈ ਸਦਕਾ ਮਉਲੇ ਹੋਣ ਕਰਕੇ—

ਤਨੁ ਮਨੁ ਹਰਿਆ ਹੋਇਆ ਸਿਮਰਤ ਅਗਮ ਅਪਾਰ ॥੨॥੩੬॥ (ਪੰਨਾ ੧੨੫੧)

ਅਤੇ— ਇਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ, ਹਰਿ ਹਰਿ ਨਾਮਿ ਸੁਹਾਵੀਆ ॥੧॥੫॥ (੫੭੫)

'ਹਰਿ ਹਰਿ ਨਾਮ' ਦੇ ਲਗਾਤਾਰੀ ਜਾਪ ਸਦਕਾ ਉਨ੍ਹਾਂ ਦੀ ਦੇਹੀ-ਘੋੜੀ 'ਸੁਹਾਵੀਆ' ਕੰਚਨ-ਵੰਨੀ ਹੋ ਜਾਂਦੀ ਹੈ, ਜਿਸ ਕਰਕੇ ਜਰਾ ਰੋਗ ਉਨ੍ਹਾਂ ਨੂੰ ਪੋਹ ਨਹੀਂ ਸਕਦਾ, ਬੁਢੇਪਾ ਉਨ੍ਹਾਂ ਤੇ ਭਾਰੂ ਨਹੀਂ ਹੁੰਦਾ। ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ—

ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥
ਓਇ ਸਦਾ ਅਨਦਿ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨਿ ॥੪੪॥ (ਪੰਨਾ ੧੪੧੮)

ਸਰੀਰਕ ਤੌਰ ਤੇ ਬਿਰਧ ਅਵਸਥਾ ਵਿਚ, ਰੰਗ-ਨਵੇਲੀ ਕਾਇਆ ਦੀ ਝਲਕ ਦੇਖਣ ਦਾ ਜੇ ਕੋਈ ਚਾਹਵਾਨ ਹੈ ਤਾਂ ਉਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਦੇ ਉਸ ਦ੍ਰਿਸ਼ ਨੂੰ ਧਿਆਨ ਵਿਚ ਲਿਆਉਣਾ ਬਣਦਾ ਹੈ ਜਦ ਉਨ੍ਹਾਂ ਨੇ ਗੁਰਿਆਈ ਪ੍ਰਾਪਤ ਕਰਨ ਤੋਂ ਪਹਿਲਾਂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਵਿਤੋਂ ਵੱਧ ਅਤੁੱਟ ਸੇਵਾ ਕੀਤੀ। ੭੨ ਸਾਲ ਦੀ ਆਯੂ ਤੋਂ ਲਗਾਤਾਰ ੧੨ ਸਾਲ ਬੇਮਿਸਾਲ ਮੁਸ਼ੱਕਤ ਘਾਲਣਾ ਦਾ ਨਮੂਨਾ ਪੇਸ਼ ਕੀਤਾ। ਪਿਰਮ ਪਿਆਲੇ ਦੀ ਦਾਤਿ ਨੂੰ ਉੱਤਮ ਤੇ ਉੱਚਾ ਅਸਥਾਨ ਪ੍ਰਾਪਤ ਹੈ। ਆਪ ਦੇ ਹਿਰਦੇ ਵਿਚੋਂ ਪਿਆਰ ਤੇ ਸਤਿਕਾਰ ਦਾ ਜਜ਼ਬਾ, ਕਰਨੀ ਵਿਚੋਂ ਸੇਵਾ ਤੇ ਸਿਮਰਨ ਦੇ ਰੱਬੀ ਗੁਣ, ਉਮਡ ਉਮਡ ਪੈਂਦੇ ਸਨ। ਇਹ ਪਿਰਮ ਪਿਆਲੇ ਦਾ ਨਸ਼ਾ ਹੀ ਸੀ, ਨਾਮ ਖੁਮਾਰੀ ਦੀ ਮਸਤੀ ਸੀ, ਕਿ ਕਾਲੀ ਬੋਲੀ ਰਾਤ ਦੇ ਅੰਧੇਰੇ ਵਿਚ ਝੱਖੜ ਝਾਗੀ ਮੀਂਹ ਵਿਚ, ਗਰਮੀ ਵਿਚ, ਸਿਆਲ ਵਿਚ, ਨਿਤਾਪ੍ਰਤੀ ਅੰਮ੍ਰਿਤ ਵੇਲੇ, ਨੰਗੀ ਪੈਰੀਂ, ਪਿੱਛਲ ਪੈਰੀਂ, ਖਡੂਰ ਸਾਹਿਬ ਤੋਂ ਗੋਇੰਦਵਾਲ ਜਾਣਾ ਤੇ ਸਣੇ ਗਾਗਰ ਇਸ਼ਨਾਨ ਕਰਕੇ ਵਾਪਸ ਆ ਕੇ ਗੁਰਦੇਵ ਜੀ ਨੂੰ ਇਸ਼ਨਾਨ ਕਰਾਉਣਾ। ਇਹ ਖ਼ੁਸ਼ਕ ਹੱਠ-ਧਰਮੀ ਨਹੀਂ, ਨਿਰੋਲ ਕਾਇਆਂ-ਕਲਪ ਕਰਨ ਵਾਲੀ ਪ੍ਰੇਮ ਭਰਪੂਰ ਦ੍ਰਿੜ੍ਹਤਾ ਤੇ ਆਤਮ-ਸਮਰਪਨ ਸੀ।

ਏਨਾ ਉੱਦਮ ਚੜ੍ਹਦੀ ਕਲਾ, ਗੁਰ-ਬਚਨਾਂ ਤੇ ਘੋਲੀ ਜਾਣਾ, ਸਤਿਗੁਰ ਦੀ ਪ੍ਰਸੰਨਤਾ ਲਈ ਪੁਰਾਣੇ ਚੋਲੇ ਤੋਂ ਹੈਰਾਨ-ਕੁਨ ਕਾਰਜ ਕਰਾਉਣਾ, ਤਨ ਕਰਕੇ ਥਕਾਵਟ ਰਹਿਤ ਮੁਸ਼ੱਕਤ ਕਰਨੀ ਤੇ ਮਨ ਕਰਕੇ ਨਿਮਰਤਾ ਤੇ ਸ਼ੁਕਰਾਨੇ ਦੀ ਭਾਵਨਾ ਵਿਚ ਵਿਚਰਨਾ, ਆਲਸ ਨੂੰ ਦੂਰ ਵਗਾਹ ਮਾਰਨਾ, ਕੀਲੀ ਪਕੜ ਕੇ ਸਾਰੀ ਸਾਰੀ ਰਾਤ ਖੜੋ ਕੇ ਭਗਤੀ ਕਰਨਾ ਤੇ ਗੁਰਦੇਵ ਜੀ ਦੇ ਚਰਨ-ਕਮਲਾਂ ਨਾਲ ਜੁੜਨਾ, ਸਾਧਾਰਨ ਮਨੁੱਖ ਨੂੰ ਇਸ ਸੋਚ ਵਿਚ ਪਾ ਦਿੰਦਾ ਹੈ ਕਿ ਗੁਰੂ ਅਮਰਦਾਸ ਜੀ ਕੋਲ ਕਿਹੜੀ ਗੁਪਤ ਕਲਾ ਸੀ, ਜ਼ਾਹਰੀ ਕਰਾਮਾਤ ਸੀ ਜਾਂ ਕੋਈ ਗ਼ੈਬੀ ਕ੍ਰਿਸ਼ਮਾ ਸੀ ਜੁ ਆਪ ਨੇ ਸਮੇਂ ਦੀ ਚਾਲ ਨੂੰ ਅਤੇ ਬੁਢਾਪੇ ਕਾਲ ਨੂੰ ਅਣਥੱਕ ਸੇਵਾ ਦੇ ਰਾਹ ਵਿਚ, ਰੁਕਾਵਟ ਨਹੀਂ ਬਣਨ ਦਿੱਤਾ। ਇਸ ਦਾ ਉੱਤਰ ਇਕੋ ਹੈ—**'ਸਤਿਗੁਰੂ ਨਾਲ ਤੀਬਰ ਪਿਆਰ'**। ਇਹੋ ਅਨੂਠਾ ਰਸ ਤੇ ਖੇੜਾ ਦਿੰਦਾ, ਉਤਸ਼ਾਹ ਤੇ ਹੌਸਲਾ ਬਖ਼ਸ਼ਦਾ, ਚਾਉ ਤੇ ਉਮਾਹ ਪਰਦਾਨ ਕਰਦਾ ਹੈ। ਇਹ ਗੁਰਸਿੱਖੀ ਜੀਵਨ ਦਾ ਤੱਤ ਹੈ, ਰੂਹ ਹੈ, ਨਿਚੋੜ ਹੈ; ਪਰ ਮਿਲਦਾ ਆਪਣੀ ਘਾਲ ਨਾਲ ਨਹੀਂ, ਬਖ਼ਸ਼ਸ਼ ਨਾਲ ਪ੍ਰਾਪਤ ਹੁੰਦਾ ਹੈ। ਹਜ਼ੂਰ ਦਾ ਫੁਰਮਾਨ ਹੈ—

ਫਰੀਦਾ ਕਾਲੀ ਧਉਲੀ ਸਾਹਿਬੁ ਸਦਾ ਹੈ ਜੇ ਕੋ ਚਿਤਿ ਕਰੇ ॥
ਆਪਣਾ ਲਾਇਆ ਪਿਰਮੁ ਨ ਲਗਈ ਜੇ ਲੋਚੈ ਸਭੁ ਕੋਇ ॥
ਏਹੁ ਪਿਰਮੁ ਪਿਆਲਾ ਖਸਮ ਕਾ ਜੈ ਭਾਵੈ ਤੈ ਦੇਇ ॥੧੩॥

(ਮ: ੩, ਸਲੋਕ ਸੇਖ ਫਰੀਦ ਜੀ ਕੇ, ਪੰਨਾ ੧੩੭੮)

www.AKJ.Org

# ਸੋਈ ਗੁਰਮੁਖਿ ਪਿਆਰੇ ਮੇਲਿ (੧੦)

[ਪ੍ਰੋਫੈਸਰ ਗੁਰਮੁਖ ਸਿੰਘ ਜੀ, ਹਾਲ : ਸਿਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ]

ਰਾਜਪੁਰਾ ਤੋਂ ੭ ਕਿਲੋਮੀਟਰ ਦੂਰ ਪਟਿਆਲਾ ਸੜਕ ਤੇ ਭਾਖੜਾ ਨਹਿਰ ਦਾ ਪੁਲ ਹੈ। ਇਸ ਭਾਖੜਾ ਨਹਿਰ ਦੇ ਨਿਰਮਾਣ ਦੇ ਠੇਕੇਦਾਰ ਭਾਈ ਜੁਆਲਾ ਸਿੰਘ ਜੀ ਹੁੰਦੇ ਸਨ, ਜੋ ਮਗਰੋਂ ਇਸ ਜੱਥੇ ਵਿਚ ਸੰਤ ਜੁਆਲਾ ਸਿੰਘ ਕਰਕੇ ਪ੍ਰਸਿੱਧ ਹੋਏ। ਬਾਅਦ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਸੰਗੀ-ਸਾਥੀ ਬਣੇ। ਕਿਵੇਂ ਬਣੇ, ਇਹ ਭੀ ਇਕ ਦਿਲਚਸਪ ਵਾਰਤਾ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਭਾਈ ਜੁਆਲਾ ਸਿੰਘ ਜੀ ਨੂੰ ਸੰਤ ਕਹਿ ਕੇ ਸਨਮਾਨਿਆ, ਹਾਲਾਂਕਿ ਇਸ ਜੱਥੇ ਵਿਚ ਸਿੰਘਾਂ ਨੂੰ ਆਮ ਤੌਰ ਤੇ ਸੰਤ ਨਹੀਂ, ਕੇਵਲ ਭਾਈ ਜਾਂ ਭਾਈ ਸਾਹਿਬ ਹੀ ਕਹਿਆ ਜਾਂਦਾ ਹੈ।

ਇਸ ਨਹਿਰ ਉਤੇ ਉਸਾਰੀ ਕਰਵਾਉਂਦੇ ਭਾਈ ਜੁਆਲਾ ਸਿੰਘ ਜੀ ਨੂੰ ਇਕ ਅਣਪਛਾਤਾ ਸਿੱਖ ਸਾਧੂ ਮਿਲਿਆ। ਕੋਲ ਆ ਕੇ ਫਤਹ ਬੁਲਾਈ। ਪੁਛਿਆ–

"ਮੈਨੂੰ ਪਛਾਣਿਆ ਜੇ ?"

"ਨਹੀਂ। ਆਪ ਜੀ ਕੌਣ ਹੋ, ਕਿਥੋਂ ਆਏ ਹੋ ? ਕਿਸ ਨੂੰ ਮਿਲਣਾ ਹੈ ?"

ਸਿੱਖ ਸਾਧੂ : "ਮੇਰਾ ਨਾਮ ਜੁਆਲਾ ਸਿੰਘ ਹੈ। ਮੈਂ ਬੜੀ ਦੂਰੋਂ ਤੁਹਾਨੂੰ ਮਿਲਣ ਲਈ ਆਇਆ ਹਾਂ।"

"ਮੈਨੂੰ ਮਿਲਣ ਆਏ ਹੋ ? ਧੰਨ ਭਾਗ ! ਆਉ ਘਰ ਚਲੋ। ਪ੍ਰਸ਼ਾਦ-ਪਾਣੀ ਛਕੋ।"

ਦੋਵੇਂ ਘਰ ਨੂੰ ਚਲ ਪਏ। ਘਰ ਪੁਜ ਕੇ ਭਾਈ ਜੁਆਲਾ ਸਿੰਘ ਨੇ ਉਸ ਸਾਧੂ ਨੂੰ ਪ੍ਰਸ਼ਾਦ ਪਾਣੀ ਛਕਾਇਆ ; ਪਰ ਅੰਦਰੋਂ ਹੈਰਾਨ ਹੋ ਰਹੇ ਸੀ ਕਿ ਆਖ਼ਰ ਇਹ ਸਾਧੂ ਕੀ ਸੁਨੇਹਾ ਲੈ ਕੇ ਆਇਆ ਹੈ। ਪਰਸ਼ਾਦਾ ਛੱਕ ਕੇ ਵੇਹਲੇ ਹੋਣ ਮਗਰੋਂ ਸਿੱਖ ਸਾਧੂ ਨੇ ਇਉਂ ਵਾਰਤਾ ਆਰੰਭ ਕੀਤੀ :–

"ਭਾਈ ਜੁਆਲਾ ਸਿੰਘ ਜੀ, ਤੁਸੀਂ ਮੇਰੇ ਪਿਛਲੇ ਜਨਮ ਦੇ ਸਾਥੀ ਹੋ। ਅਸੀਂ ਪਿਛਲੇ ਜਨਮ ਵਿਚ ਤਿੰਨ ਸਾਥੀ ਇਕੱਠੇ ਤਪ ਕਰਦੇ ਹੁੰਦੇ ਸਾਂ। ਤਿੰਨਾਂ ਦੀ ਮੌਤ ਹੋਣ ਉਪਰੰਤ ਅਕਾਲ ਪੁਰਖ ਜੀ ਨੇ ਸਾਨੂੰ ਤਿੰਨਾਂ ਨੂੰ ਮਨੁਖਾ ਜਨਮ ਬਖਸ਼ਿਆ। ਤਿੰਨਾਂ ਦਾ ਨਾਮ ਜੁਆਲਾ ਸਿੰਘ ਰਖਿਆ ਗਿਆ।"

"ਤੀਜਾ ਜੁਆਲਾ ਸਿੰਘ ਕੌਣ ਹੈ ?

ਸਿੱਖ ਸਾਧੂ : "ਤੀਜਾ ਜੁਆਲਾ ਸਿੰਘ ਹਰਖੋਵਾਲ ਵਿਖੇ ਸੰਤ ਹਨ। ਕੀ ਤੁਹਾਨੂੰ ਪਿਛਲਾ ਜਨਮ ਉੱਕਾ ਹੀ ਭੁਲ ਗਿਆ ਏ ?"

"ਮੈਨੂੰ ਤਾਂ ਕੁਝ ਵੀ ਯਾਦ ਨਹੀਂ।"

ਸਿੱਖ ਸਾਧੂ :–ਮੈਂ ਤੈਨੂੰ ਯਾਦ ਹੀ ਕਰਾਉਣ ਆਇਆ ਹਾਂ। ਤੂੰ ਕਹਿੰਦਾ ਹੁੰਦਾ ਸੀ, ਹੇ ਪ੍ਰਭੂ, ਜੇ ਮੈਨੂੰ ਮਨੁਖਾ ਜਨਮ ਮੁੜ ਕੇ ਮਿਲੇ ਤਾਂ ਇਕ ਸੁਆਸ ਵੀ ਤੇਰੀ ਯਾਦ ਤੋਂ ਬਿਨਾ ਬਿਰਥਾ ਨਾ ਗਵਾਵਾਂ। ਅੱਜ ਤੈਨੂੰ ਸਭ ਕੁਝ ਭੁਲਿਆ ਪਿਆ ਹੈ ?

"ਹਾਂ ?"

ਸਿੱਖ ਸਾਧੂ :–ਹੱਛਾ ! ਲੈ ਹੁਣ ਮੌਕਾ ਆਉਣ ਵਾਲਾ ਹੈ। ਅਗਲੇ ਛੇ ਮਹੀਨਿਆਂ ਵਿਚ ਤੇਰੇ ਪਰਿਵਾਰ ਦਾ ਭੋਗ ਪੈ ਜਾਏਗਾ। ਘਬਰਾਈਂ ਨਾ ! ਇਕੋ ਇਕ ਪੁੱਤਰ ਪਹਿਲਾਂ ਤੁਰ ਜਾਏਗਾ। ਫਿਰ ਤੇਰੀ ਪਤਨੀ ਭੀ ਥੋੜੇ ਚਿਰ ਪਿਛੋਂ ਸਾਥ ਛਡ ਜਾਏਗੀ। ਅਕਾਲ ਪੁਰਖ ਨੇ ਪਹਿਲਾਂ ਤੈਨੂੰ ਪਰਿਵਾਰ ਦੀਆਂ ਸਭ ਜ਼ਿਮੇਵਾਰੀਆਂ ਤੋਂ ਮੁਕਤ ਕਰਨਾ ਹੈ। ਜੇ ਤੂੰ ਉਸ ਦੀ ਰਜ਼ਾ ਵਿਚ ਟਿਕਿਆ ਰਿਹਾ ਅਤੇ ਨਾਮ ਜਪਣ ਵਲ ਉਦਮ ਕਰੇਂਗਾ ਤਾਂ ਤੇਰੀ ਭਗਤੀ ਉਥੋਂ ਹੀ ਅਰੰਭ ਹੋ ਜਾਵੇਗੀ, ਜਿਥੋਂ ਤੈਂ ਪਿਛਲੇ ਜਨਮ ਵਿਚ ਛੱਡੀ ਸੀ। ਪਰ ਦੇਖੀਂ ! ਜੇ ਡੋਲ ਗਿਆ ਤਾਂ ਲੰਮੀਆਂ ਵਾਟਾਂ ਪੈ ਜਾਣਗੀਆਂ। ਇਹ ਗੇੜ ਕਈ ਜਨਮਾਂ



www.AKJ.Org

ਦਾ ਭੀ ਹੋ ਸਕਦਾ ਹੈ। ਇਸ ਲਈ–

ਨਾਨਕ ਸਿਝਿ ਇਵੇਹਾ ਵਾਰ, ਬਹੁੜਿ ਨ ਹੋਵੀ ਜਨਮੜਾ ॥੧॥੭॥ (੧੦੯੬)

ਮੈਨੂੰ ਹੁਣ ਆਗਿਆ ਦਿਉ। ਮੈਂ ਤਾਂ ਪੂਰਬ ਪ੍ਰੀਤ ਦਾ ਖਿਚਿਆ ਹੋਇਆ, ਤੈਨੂੰ ਖ਼ਬਰਦਾਰ ਹੀ ਕਰਨ ਆਇਆ ਸਾਂ।

ਇਹ ਕਹਿ ਕੇ ਸਿਖ-ਸਾਧੂ ਪਤਾ ਨਹੀਂ ਕਿਥੇ ਚਲਾ ਗਿਆ। ਉਹ ਸਿੱਖ-ਸਾਧੂ ਮੁੜ ਕੇ ਭਾਈ ਜੁਆਲਾ ਸਿੰਘ ਜੀ ਨੂੰ ਨਹੀਂ ਮਿਲਿਆ। ਭਾਈ ਸਾਹਿਬ ਸਿੱਖ ਸਾਧੂ ਦੀਆਂ ਅਲੌਕਿਕ ਗੱਲਾਂ ਸੁਣ ਸੁਣ ਕੇ ਹੈਰਾਨ ਪਰੇਸ਼ਾਨ ਹੋ ਰਹੇ ਸਨ। ਮਨ ਵਿਚ ਸੋਚ ਵੀ ਰਹੇ ਸਨ ਕਿ ਜੇ ਨਿਰੰਕਾਰ ਨੇ ਕੋਈ ਭਾਣਾ ਵਰਤਾਅ ਭੀ ਦਿਤਾ ਤਾਂ ਉਸ ਸੂਰਤ ਵਿਚ ਮੈਨੂੰ ਕੀ ਕਰਨਾ ਚਾਹੀਦਾ ਹੈ? ਕੋਈ ਰਾਹ ਅਜੇ ਸੁਝ ਨਹੀਂ ਸੀ ਰਿਹਾ, ਪਰ ਮਨ ਨਾਲ ਇਹ ਦ੍ਰਿੜ੍ਹ ਫ਼ੈਸਲਾ ਕਰ ਹੀ ਲਿਆ ਕਿ ਇਸ ਜਨਮ ਨੂੰ ਅਜਾਈਂ ਨਹੀਂ ਜਾਣ ਦੇਣਾ। ਜੋ ਬੀਤ ਗਿਆ ਸੋ ਬੀਤ ਗਿਆ। ਅਗਲੇ ਕੁਝ ਮਹੀਨਿਆਂ ਵਿਚ ਆਪਣੇ ਕੰਮ ਦੇ ਪਸਾਰੇ ਨੂੰ ਭੀ ਘਟਾਇਆ। ਦੋ ਕੁ ਮਹੀਨਿਆਂ ਪਿਛੋਂ ਇਕਲੌਤਾ ਬੇਟਾ ਬੀਮਾਰ ਹੋਇਆ। ਭਾਈ ਸਾਹਿਬ ਨੂੰ ਪੂਰਬ-ਚਿਤਾਵਨੀ ਤਾਂ ਮਿਲ ਹੀ ਚੁਕੀ ਸੀ, ਇਸ ਲਈ ਡੋਲੇ ਨਹੀਂ। ਕੁਝ ਦਿਨਾਂ ਵਿਚ ਹੀ ਲੜਕਾ ਚੜ੍ਹਾਈ ਕਰ ਗਿਆ। ਆਪ ਅਡੋਲ ਰਹੇ।

ਫਿਰ ਸਿੰਘਣੀ ਦੀ ਵਾਰੀ ਸੀ। ਉਹ ਭੀ ਲੜਕੇ ਦੀ ਮੌਤ ਤੋਂ ਸਾਢੇ ਤਿੰਨ ਮਹੀਨਿਆਂ ਪਿਛੋਂ ਚੜ੍ਹਾਈ ਕਰ ਗਈ। ਸਿੱਖ-ਸਾਧੂ ਦੇ ਕਹਿਣ ਅਨੁਸਾਰ ਛੇ ਮਹੀਨਿਆਂ ਦੇ ਵਿਚ ਵਿਚ ਹੀ ਪਰਿਵਾਰ ਲੇਖੇ ਲਗ ਗਿਆ। ਹੁਣ ਭਾਈ ਸਾਹਿਬ ਇਸ ਸੰਸਾਰ-ਯਾਤਰਾ ਵਿਚ ਇਕੱਲੇ ਯਾਤਰੀ ਰਹਿ ਗਏ। ਨਾ ਕੋਈ ਨੂੰਹ ਨਾ ਕੋਈ ਧੀ, ਨਾ ਕੋਈ ਪੋਤਾ ਨਾ ਕੋਈ ਦੋਤਾ! ਇਹ ਇਕ ਅਜਿਹਾ ਮੋੜ ਹੈ, ਜਿਸ ਉਤੇ ਖੜੋਤਾ ਮਨੁਖ ਬੀਤ ਚੁਕੇ ਸਮੇਂ ਵਲ ਪਰਤ ਕੇ ਵੇਖ ਸਕਦਾ ਹੈ, ਅਤੇ ਆਉਣ ਵਾਲੇ ਅਣਦਿਸਦੇ ਸਮੇਂ ਦੀ ਧੁੰਧ ਵਿਚ ਵੇਖਣ ਦਾ ਜਤਨ ਕਰਦਾ ਹੈ। ਜੇ ਭਾਈ ਸਾਹਿਬ ਆਮ ਸੰਸਾਰੀ ਹੁੰਦੇ ਅਤੇ ਜੇ ਉਹਨਾਂ ਨੂੰ ਸਿੱਖ-ਸਾਧੂ ਦੀ ਪੂਰਬ-ਚਿਤਾਵਨੀ ਨਾ ਮਿਲੀ ਹੁੰਦੀ ਤਾਂ ਹੋ ਸਕਦੈ ਉਹ ਡੋਲ ਜਾਂਦੇ। ਪਰ ਉਹਨਾਂ ਨੂੰ ਆਪਣੇ ਭਵਿਖ ਬਾਰੇ ਫ਼ੈਸਲਾ ਕਰਨ ਵਿਚ ਕੋਈ ਦੇਰ ਨ ਲਗੀ। ਠੇਕੇਦਾਰੀ ਨੂੰ ਛੇਤੀ ਸਮੇਟ ਕੇ ਕੇਵਲ ਨਾਮ-ਸਿਮਰਨ ਵਿਚ ਜੁਟ ਜਾਣ ਲਈ ਉਹਨਾਂ ਮਨ ਬਣਾ ਲਿਆ।

ਉਹਨਾਂ ਦੇ ਇਕ ਨਿਕਟਵਰਤੀ ਸਾਥੀ ਰੀਟਾਇਰਡ ਕੈਪਟਨ ਸ਼ੇਰ ਸਿੰਘ (ਜੋ ਦਾਸ ਦੇ ਭੀ ਮਿਤਰ ਪਿਆਰੇ ਸਨ, ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਦੀ ਮੰਡਲੀ ਦੇ ਸਿੰਘ ਭੀ ਸਨ) ਦਸਦੇ ਸਨ ਕਿ ਭਾਈ ਜੁਆਲਾ ਸਿੰਘ ਜੀ ਆਪਣਾ ਕਾਰੋਬਾਰ ਸਮੇਟ ਕੇ ਨੰਦਪੁਰ ਕਲੌੜ (ਪਟਿਆਲਾ ਲਾਗੇ) ਦੇ ਗੁਰਦੁਆਰੇ ਵਿਖੇ ਆ ਟਿਕੇ। ਇਥੇ ਹੀ ਆਪ ਅਖੰਡਪਾਠਾਂ ਦੀ ਸੇਵਾ ਕਰਿਆ ਕਰਦੇ ਸਨ। ਰਸਨਾ ਬੜੀ ਰਸੀਲੀ ਸੀ। ਪਰਿਵਾਰ ਦੇ ਵਿਛੁੜ ਜਾਣ ਕਰਕੇ ਅਤੇ ਬਾਣੀ ਦੀ ਪਾਰਸ-ਕਲਾ ਦੀ ਛੋਹ ਨਾਲ ਆਪ ਅੰਦਰ ਬੈਰਾਗ ਉਪਜਿਆ। ਉਸ ਪਿੰਡ ਵਿਚ ਹੀ ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਦੇ ਸਤਸੰਗੀ ਕੀਰਤਨੀ ਵੀਰਾਂ ਦਾ ਮੇਲ ਹੋਇਆ। ਕੁਦਰਤੀ ਗੱਲ ਹੈ, ਇਹਨਾਂ ਦੇ ਬੈਰਾਗ ਨੂੰ ਵੇਖਦਿਆਂ ਉਹਨਾਂ ਸਿੰਘ ਨੇ ਇਹਨਾਂ ਨੂੰ ਭਾਈ ਸਾਹਿਬ ਦੀਆਂ ਕੁਝ ਪੁਸਤਕਾਂ ਪੜ੍ਹਾਈਆਂ ਹੋਣ ਜਾਂ ਭਾਈ ਸਾਹਿਬ ਦੀਆਂ ਸਿੰਘਾਂ ਨਾਲ ਪ੍ਰੇਮ-ਪਿਆਰ ਦੀਆਂ ਗੱਲਾਂ ਕੀਤੀਆਂ ਹੋਣ, ਜਿਸ ਦੇ ਸਿੱਟੇ ਵਜੋਂ ਭਾ: ਜੁਆਲਾ ਸਿੰਘ ਦੇ ਮਨ ਵਿਚ ਭਾ: ਸਾਹਿਬ ਰਣਧੀਰ ਸਿੰਘ ਜੀ ਨੂੰ ਮਿਲਣ ਦੀ ਬੜੀ ਤੀਬਰ ਇੱਛਾ ਪੈਦਾ ਹੋਈ। ਅਗਲੇ ਕੁਝ ਮਹੀਨਿਆਂ ਵਿਚ ਹੀ ਪੋਹ ਸੁਦੀ ਸਤਵੀਂ ਦਾ ਸਮਾਗਮ ਸੀ। ਸਿੰਘਾਂ ਨੇ ਭਾ: ਜੁਆਲਾ ਸਿੰਘ ਜੀ ਨੂੰ ਨਾਰੰਗਵਾਲ ਆਣ ਹਾਜ਼ਰ ਕੀਤਾ। ਬਜਾਏ ਇਸ ਦੇ ਕਿ ਸਿੰਘ ਭਾਈ ਸਾਹਿਬ ਨਾਲ ਉਹਨਾਂ ਨੂੰ ਮਿਲਾਉਂਦੇ, ਭਾਈ ਸਾਹਿਬ ਨੇ ਉੱਠ ਕੇ ਗਲਵਕੜੀ ਪਾਈ ਤੇ ਕਿਹਾ "ਚਿਰਾਂ ਦੇ ਵਿਛੜੇ ਸੰਤ ਜੀ, ਜੀ ਆਇਆਂ ਨੂੰ।"

ਨੰਦਪੁਰ ਕਲੌੜ ਦੇ ਬਾਕੀ ਸਿੰਘ ਦੇਖ ਕੇ ਬੜੇ ਹੈਰਾਨ ਹੋਏ। ਭਾਈ ਸਾਹਿਬ ਨੇ ਇਹਨਾਂ ਸਿੰਘਾਂ ਦਾ ਭੀ ਸ਼ੁਕਰੀਆ ਕੀਤਾ ਕਿ ਤੁਸਾਂ ਸਾਨੂੰ ਚਿਰਾਂ ਦੇ ਵਿਛੜੇ ਸਿੰਘ ਨੂੰ ਮਿਲਾਇਆ ਹੈ। ਬਸ ਫਿਰ ਕੀ ਸੀ,



www.AKJ.Org

ਸਮਾਗਮ ਦੀ ਸਮਾਪਤੀ ਤੋਂ ਉਪਰੰਤ ਸੰਤ ਜੁਆਲਾ ਸਿੰਘ ਭਾਈ ਸਾਹਿਬ ਪਾਸ ਹੀ ਰਹਿ ਪਏ । ਸਿੰਘ ਤਾਂ ਪਿੰਡ ਨੂੰ ਮੁੜ ਗਏ। ਆਪ ਭਾਈ ਸਾਹਿਬ ਦੇ ਅੰਮ੍ਰਿਤ ਵੇਲੇ ਦੇ ਨਿੱਤਨੇਮ-ਮੰਡਲ ਦੇ ਮੈਂਬਰ ਬਣ ਗਏ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਆਪ ਬੜੀ ਰਸੀਲੀ ਤੇ ਮਿੱਠੀ ਆਵਾਜ਼ ਵਿਚ ਕਰਿਆ ਕਰਦੇ ਸਨ ।

ਇਕ ਦਿਨ ਆਪ ਅੰਮ੍ਰਿਤ ਵੇਲੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ, ਜਦੋਂ ਆਪ ਇਸ ਤੁਕ ਦਾ ਪਾਠ ਕਰ ਰਹੇ ਸਨ :—

ਪ੍ਰਗਟੇ ਗੋਪਾਲ ਮਹਾਂਤ ਕੈ ਮਾਥੇ ॥੩॥੨੪॥ (ਪੰਨਾ ੨੯੫)

ਭਾਈ ਸਾਹਿਬ ਬੋਲ ਪਏ, 'ਆਈ ਆ ਮਹੰਤੀ'। ਕਿਸੇ ਨੂੰ ਸਮਝ ਕੁਝ ਨਾ ਆਈ। ਨਾ ਹੀ ਭਾ: ਜੁਆਲਾ ਸਿੰਘ ਨੂੰ ਕੋਈ ਪਤਾ ਲਗਾ ਕਿ ਭਾਈ ਸਾਹਿਬ ਛੇਤੀ ਛੇਤੀ ਕੀ ਕਹਿ ਗਏ ਹਨ। ਇਸ ਤਰ੍ਹਾਂ ਭਾਈ ਸਾਹਿਬ ਬਾਊ ਮੱਲ ਸਿੰਘ ਜੀ ਨੂੰ ਖ਼ਾਸ ਸੰਬੋਧਨ ਕਰਕੇ ਸ੍ਰੀ ਅਨੰਦ ਸਾਹਿਬ ਦੀ ਇਸ ਤੁੱਕ ਦੇ ਪੜ੍ਹੇ ਜਾਣ ਤੇ ਕਹਿੰਦੇ ਹੁੰਦੇ ਸਨ, ਬਾਊ ਜੀ, "ਅੰਦਰਹੁ ਜਿਨ ਕਾ ਮੋਹੁ ਤੁਟਾ ..।" ਸੋ ਨਿੱਤਨੇਮ-ਮੰਡਲੀ ਨੂੰ ਭਾਈ ਸਾਹਿਬ ਦੇ ਅੱਜ ਦੇ ਕੀਤੇ ਬਚਨਾਂ ਦੀ ਸਮਝ ਨਹੀਂ ਆਈ। ਵਾਹ ਵਾਹ ਦਿਨ ਚੜ੍ਹੇ ਤੇ ਨੰਦਪੁਰ ਕਲੌੜ ਦੀ ਪੰਚਾਇਤ ਭਾਈ ਸਾਹਿਬ ਦੇ ਘਰ ਆ ਗਈ। ਸੰਤ ਜੁਆਲਾ ਸਿੰਘ ਜੀ ਭੀ ਉਥੇ ਹੀ ਬੈਠੇ ਸਨ। ਪੰਚਾਇਤ ਨੇ ਆ ਕੇ ਭਾਈ ਸਾਹਿਬ ਨੂੰ ਬੇਨਤੀ ਕੀਤੀ, "ਨੰਦਪੁਰ ਕਲੌੜ ਦੇ ਗੁਰਦੁਆਰੇ ਸਾਹਿਬ ਵਿਖੇ ਜੋ ਪਹਿਲਾਂ ਮਹੰਤ ਸੀ ਉਹ ਚੜ੍ਹਾਈਆਂ ਕਰ ਗਿਆ ਹੈ (ਸੰਤ ਪੰਜਾਬ ਸਿੰਘ), ਇਸ ਲਈ ਆਪ ਭਾ: ਜੁਆਲਾ ਸਿੰਘ ਜੀ ਨੂੰ ਇਹ ਸੇਵਾ ਨਿਭਾਉਣ ਲਈ ਆਗਿਆ ਦਿਉ।"

ਭਾਈ ਸਾਹਿਬ ਨੇ ਪਿੰਡ ਦੀ ਸੰਗਤ ਦੀ ਬੇਨਤੀ ਪਰਵਾਨ ਕਰ ਲਈ ਤੇ ਸੰਤ ਜੁਆਲਾ ਸਿੰਘ ਜੀ ਨੂੰ ਸੰਗਤ ਨੰਦਪੁਰ ਕਲੌੜ ਲੈ ਆਈ। ਭਾਈ ਸਾਹਿਬ ਦੇ ਅੰਮ੍ਰਿਤ ਵੇਲੇ ਨਿੱਤਨੇਮ ਸਮੇਂ ਇਸ਼ਾਰੇ-ਮਾਤਰ ਕੀਤੇ ਬਚਨਾਂ ਦੀ ਹੁਣ ਆਪ ਨੂੰ ਸਮਝ ਆਈ। ਆਪ ਫਿਰ ਨੰਦਪੁਰ ਕਲੌੜ ਹੀ ਟਿਕੇ ਅਤੇ ਅੰਤਮ ਸੁਆਸਾਂ ਤਕ ਆਪ ਜੀ ਇਥੇ ਹੀ ਰਹੇ। ਬੜਾ ਹੱਸੂ ਹੱਸੂ ਕਰਦਾ ਚਿਹਰਾ ਸੀ। ਇਕ ਰੈਣ ਸਬਾਈ ਕੀਰਤਨ ਵਿਚ ਦਾਸ ਦੇ ਨਾਲ ਹੀ ਸੰਗਤ ਵਿਚ ਬੈਠੇ ਸਨ। ਮੈਂ ਅਜੇ ਇਸ ਪੰਥ ਦੀ ਬਾਲ ਅਵਸਥਾ ਵਿਚ ਹੀ ਸਾਂ। ਮੈਂ ਇਹ ਵਖ ਵੇਖ ਹੈਰਾਨ ਹੋ ਰਿਹਾ ਸਾਂ ਕਿ ਕੀਰਤਨ ਤਾਂ ਸਭ ਨੂੰ ਇਕ-ਸਾਰ ਸੁਣ ਰਿਹਾ ਹੈ, ਪਰ ਸੰਤ ਜੀ ਕਦੀ ਖਿੜ ਖਿੜਾ ਕੇ ਹੱਸ ਪੈਂਦੇ, ਕਦੀ ਵੈਰਾਗ ਵਿਚ ਆ ਜਾਂਦੇ ਤੇ ਅੱਖਾਂ ਵਿਚੋਂ ਛੱਮ ਛੱਮ ਨੀਰ ਵਹਿ ਤੁਰਦਾ । ਇਸ ਅਵਸਥਾ ਦਾ ਮੈਨੂੰ ਬਾਅਦ ਵਿਚ ਗੁਰਬਾਣੀ ਵਿਚੋਂ ਹੀ ਪਤਾ ਲਗਾ—

ਰੰਗਿ ਹਸਹਿ, ਰੰਗਿ ਰੋਵਹਿ, ਚੁਪ ਭੀ ਕਰਿ ਜਾਹਿ ॥
ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥੨॥੨੦॥ (ਪੰਨਾ ੪੭੩)

ਭਗਤ ਜਨ ਉਸ ਪ੍ਰਭੂ ਦੇ ਰੰਗ ਵਿਚ ਕਦੀ ਵੈਰਾਗ ਵਿਚ ਆ ਜਾਂਦੇ ਹਨ, ਅਤੇ ਬਿਰਹੁੰ ਵਿਚ ਉਨ੍ਹਾਂ ਦੀਆਂ ਅੱਖਾਂ ਤਰੋ-ਤਰ ਹੋਈਆਂ ਛਮਾ ਛਮ ਵਹਿ ਤੁਰਦੀਆਂ ਹਨ । ਉਹ ਬੇਨਤੀਆਂ ਕਰਦੇ ਹਨ—

ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ॥੩॥ (੯੪)

ਅਪੇ ਕਦੇ ਖੇੜੇ ਵਿਚ ਆ ਕੇ ਪੁਕਾਰ ਉਠਦੇ ਹਨ—

ਮੇਰੀ ਸੇਜੜੀਐ ਆਡੰਬਰੁ ਬਣਿਆ ॥ ਮਨਿ ਅਨਦੁ ਭਇਆ ਪ੍ਰਭੁ ਆਵਤ ਸੁਣਿਆ ॥੨॥(੪੫੯)

ਬਸ, ਇਉਂ ਅਨੂਠੇ ਰੰਗ ਮਾਣਦੇ, ਪ੍ਰਭੂ ਨਾਲ ਕੇਲ ਕਰਦੇ ਇਲਾਹੀ ਰੰਗਾਂ ਵਿਚ ਖੇਡਦੇ ਰਹਿੰਦੇ ਹਨ।

ਜਿਨ੍ਹਾਂ ਪੁਰਾਤਨ ਸਿੰਘਾਂ ਨੇ ਸੰਤ ਜੁਆਲਾ ਸਿੰਘ ਜੀ ਦੀ ਰਸਨਾ ਤੋਂ ਸ੍ਰੀ ਅਖੰਡ ਪਾਠ ਸਾਹਿਬ ਸੁਣੇ ਹਨ, ਉਹ ਜਾਣਦੇ ਹਨ ਕਿ ਸੰਤ ਜੁਆਲਾ ਸਿੰਘ ਜੀ ਦੇ ਪਾਠ ਵਿਚ ਇਕ ਅਜੀਬ ਹੀ ਖਿੱਚ ਸੀ, ਇਕ ਅਨੂਠਾ ਰਸ ਸੀ। ਪਾਠ ਚਲੰਤ ਹੁੰਦਾ ਸੀ, ਪਰ ਰਸ-ਭਿੰਨੜਾ। ਚਿਹਰੇ ਤੇ ਰੱਬੀ ਜਲਾਲ ਹੁੰਦਾ ਸੀ। ਬਸ 'ਦੇਖਾ ਹੀ ਪਰਵਾਨ' ਵਾਲੀ ਗੱਲ ਢੁਕਦੀ ਹੈ।



www.AKJ.Org

# ਮਥੋ ਮੁਰਾਰੀ

[ਭਾਈ ਨਰੈਣ ਸਿੰਘ ਜੀ ਐਮ.ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਪ੍ਰੇਮਾ ਲਾਹੌਰ ਦੇ ਰਹਿਣ ਵਾਲੇ ਇਕ ਸਰਦੇ ਪੁਜਦੇ ਸ਼ਾਹੂਕਾਰ ਦਾ ਪੁੱਤਰ ਸੀ। ਇਹ ਅਜੇ ਬਾਲ-ਉਮਰ ਹੀ ਸੀ ਜਦੋਂ ਇਸ ਦੇ ਮਾਂ ਪਿਉ ਮਰ ਗਏ ਘਰ ਵਿਚ ਵਡੇਰਾ ਹੋਰ ਕੋਈ ਨਹੀਂ ਸੀ; ਜੋ ਇਸ ਦੀ ਪਾਲਨਾ ਪੋਸਨਾ ਕਰਦਾ। ਇਸ ਦਾ ਘਰ ਸ਼ਰੀਕਾਂ ਨੇ ਲੁਟ ਖਾ ਲਿਆ। ਇਸ ਦਾ ਇਕ ਮਾਮਾ ਸੀ, ਜੋ ਇਸ ਨੂੰ ਆਪਣੇ ਘਰ ਲੈ ਗਿਆ। ਪਰ ਛੇਤੀ ਪਿਛੋਂ ਇਸ ਦੇ ਮਾਮਾ ਮਾਮੀ ਭੀ ਮਰ ਗਏ ਤੇ ਵਿਚਾਰਾ ਪ੍ਰੇਮਾ ਹੁਣ ਰੋਟੀ ਤੋਂ ਭੀ ਆਤੁਰ ਹੋ ਗਿਆ। ਕਈ ਵਾਰ ਇਹ ਭੁੱਖ ਖੁਣੋਂ ਰੋ ਰੋ ਕਮਲਾ ਹੁੰਦਾ, ਪਰ ਇਸ ਨੂੰ ਵਿਲਚਾਉਣ ਵਾਲਾ ਵੀ ਹੁਣ ਕੋਈ ਨਹੀਂ ਸੀ। ਰੋਟੀ ਦੀ ਗਰਾਹੀ ਵਾਸਤੇ ਇਹ ਹੁਣ ਬੂਹੇ ਬੂਹੇ ਤੇ ਗਲੀ ਗਲੀ ਫਿਰਦਾ, ਪਰ ਇਸ ਦਾ ਪੇਟ ਨਾ ਭਰਦਾ। ਭੁੱਖ ਜੇਡਾ ਦੁਖ ਕੋਈ ਨਹੀਂ। ਢਿਡ ਭਰਨ ਲਈ ਪ੍ਰੇਮੇ ਨੂੰ ਜੋ ਕੁਝ ਲਭਦਾ, ਇਹ ਖਾ ਲੈਂਦਾ। ਅਖ਼ੀਰ ਗੰਦੀਆਂ ਮੰਦੀਆਂ ਥਾਈਂ ਫਿਰਨ ਅਤੇ ਗਲੀਆਂ ਸੜੀਆਂ ਚੀਜ਼ਾਂ ਖਾਣ ਨਾਲ ਇਹ ਰੋਗੀ ਰਹਿਣ ਲੱਗ ਗਿਆ। ਹੁੰਦੇ ਹੁੰਦੇ ਇਸ ਦਾ ਸਾਰਾ ਸਰੀਰ ਫੁਟ ਗਿਆ ਤੇ ਇਹ ਕੁਸ਼ਟੀ ਹੋ ਗਿਆ। ਇਸ ਦੇ ਸਰੀਰ ਉਤੇ ਮੱਖੀਆਂ ਸਦਾ ਹੀ ਭਿਣ ਭਿਣ ਕਰਦੀਆਂ। ਇਸ ਦੀਆਂ ਲਹੂ ਪਾਕ ਦੀਆਂ ਰੇਝਾਂ ਵੇਖ, ਇਸ ਨੂੰ ਕੋਈ ਪਾਸ ਨਾ ਢਿੱਟਣ ਦੇਂਦਾ। ਹੌਲੀ ਹੌਲੀ ਇਸ ਦੇ ਹੱਥ ਪੈਰ ਭੀ ਨਕਾਰੇ ਹੋ ਗਏ ਅਤੇ ਇਹ ਤੁਰਨੋਂ ਫਿਰਨੋਂ ਰਹਿ ਗਿਆ। ਹੁਣ ਇਹ ਗਲੀਆਂ ਵਿਚ ਅੰਞਾਣ ਬਾਲ ਵਾਂਙੂ ਰਿੜ੍ਹਦਾ ਫਿਰਦਾ। ਕਿਸੇ ਨੇ ਤਰਸ ਕਰ ਕੇ ਇਸ ਦੇ ਗਲ ਨਾਲ ਇਕ ਟਿੰਡ ਬੰਨ੍ਹ ਦਿਤੀ, ਜਿਸ ਵਿਚ ਕੋਈ ਖਾਣ ਜੋਗੀ ਚੀਜ਼ ਪਾ ਦਿੰਦਾ, ਜਿਸ ਨੂੰ ਇਹ ਲੂਲ੍ਹੇ ਹੱਥਾਂ ਨਾਲ ਮੂੰਹ ਦੇ ਨੇੜੇ ਕਰ ਕੇ ਖਾ ਪੀ ਲੈਂਦਾ।

ਕਿਤਨਾ ਕਾਲ ਪ੍ਰੇਮੇ ਦਾ ਇਸ ਦੁਖ ਦੀ ਹਾਲਤ ਵਿਚ ਲੰਘ ਗਿਆ। ਇਕ ਦਿਨ ਇਸਨੂੰ ਕਿਸੇ ਦਸਿਆ ਕਿ ਗੋਇੰਦਵਾਲ ਵਿਚ ਗੁਰੂ ਅਮਰ ਦਾਸ ਜੀ ਰਹਿੰਦੇ ਹਨ। ਉਹ ਦੀਨਾਂ ਤੇ ਦੁਖੀਆਂ ਦਾ ਵਡਾ ਸਹਾਰਾ ਹਨ। ਉਨ੍ਹਾਂ ਦਾ ਲੰਗਰ ਸਦਾ ਖੁਲ੍ਹਾ ਰਹਿੰਦਾ ਹੈ, ਜਿਥੋਂ ਹਰ ਲੋੜਵੰਦ ਨੂੰ ਰੋਟੀ ਮਿਲਦੀ ਹੈ, ਨੰਗੇ ਨੂੰ ਕਪੜਾ ਮਿਲਦਾ ਹੈ, ਰੋਗੀ ਤੇ ਦੁਖੀ ਦੀ ਦਾਰੀ ਭੀ ਹੁੰਦੀ ਹੈ। ਗੁਰੂ ਜੀ ਆਪ ਅਤੇ ਉਨ੍ਹਾਂ ਦੇ ਸਿਖ ਦੀਨ ਦੁਖੀ ਦੀ ਸੇਵਾ ਆਪਣੀ ਹਥੀਂ ਕਰਦੇ ਹਨ। ਉਥੇ ਵਡੇ ਵਡੇ ਰੋਗੀਆਂ ਦੇ ਰੋਗ ਕਟੇ ਜਾਂਦੇ ਹਨ। ਸਭ ਤੋਂ ਵਡੀ ਗੱਲ ਇਹ ਹੈ ਕਿ ਗੁਰੂ ਜੀ ਤੇ ਗੁਰੂ ਕੇ ਸਿੱਖਾਂ ਦੇ ਮਿਠੇ ਮਿਠੇ ਤੇ ਪਿਆਰ ਭਰੇ ਬਚਨ ਫਟ ਉਤੇ ਮਲ੍ਹਮ ਤੋਂ ਭੀ ਵਧੇਰਾ ਅਸਰ ਰਖਦੇ ਹਨ। ਅਸਾਂ ਸੁਣਿਆ ਹੋਇਆ ਹੈ ਕਿ ਇਨ੍ਹਾਂ ਗੁਰੂ ਜੀ ਦੇ ਵਡੇ ਗੁਰੂ ਨਾਨਕ ਦੇਵ ਜੀ ਹੋਏ ਹਨ, ਉਨ੍ਹਾਂ ਭੀ ਇਸੇ ਤਰ੍ਹਾਂ ਇਕ ਕੋਹੜੀ ਨੂੰ ਰਾਜ਼ੀ ਕੀਤਾ ਸੀ।

ਪ੍ਰੇਮੇ ਨੇ ਬੜੇ ਧਿਆਨ ਨਾਲ ਇਹ ਗੱਲਾਂ ਸੁਣੀਆਂ ਅਤੇ ਆਪਣਾ ਮਨ ਗੋਇੰਦਵਾਲ ਜਾਣ ਲਈ ਬਣਾ ਲਿਆ। ਇਹ ਵਿਚਾਰਾ ਤੁਰ ਤਾਂ ਸਕਦਾ ਨਹੀਂ ਸੀ, ਪਰ ਇਸ ਦੇ ਮਨ ਵਿਚ ਗੁਰੂ ਅਮਰ ਦਾਸ ਜੀ ਦੇ ਪਾਸ ਪਹੁੰਚਣ ਦੀ ਇਤਨੀ ਖਿਚ ਪੈਦਾ ਹੋ ਗਈ ਕਿ ਇਸ ਨੇ ਲਾਹੌਰ ਤੋਂ ਗੋਇੰਦਵਾਲ ਦਾ ਰਾਹ ਪੁਛ ਕੇ ਉਧਰ ਨੂੰ ਰਿੜ੍ਹਨਾ ਸ਼ੁਰੂ ਕਰ ਦਿਤਾ। ਇਹ ਤੀਹ ਪੈਂਤੀ ਕੋਹ ਲੰਮੀ ਵਾਟ ਸੀ। ਪਰ ਪ੍ਰੇਮਾ ਸਿਦਕ ਧਾਰ ਕੇ ਰਿੜ੍ਹਦਾ ਗਿਆ। ਰਸਤੇ ਵਿਚ ਕਿਧਰੇ ਦਮ ਲੈ ਲੈਂਦਾ। ਰਾਹ ਪਾਂਧੀ ਜਾਂ ਪਿੰਡਾਂ ਦੇ ਲੋਕ ਤਰਸ ਕਰ ਕੇ ਇਸ ਦੀ ਟਿੰਡ ਵਿਚ ਖਾਣ ਪੀਣ ਲਈ ਕੁਝ ਪਾ ਦੇਂਦੇ। ਇਸ ਤਰ੍ਹਾਂ ਇਸ ਦਾ ਪੰਧ ਕਟੀਂਦਾ ਗਿਆ। ਕੁਝ ਸਮੇਂ ਮਗਰੋਂ ਇਹ ਗੋਇੰਦਵਾਲ ਜਾ ਪੁਜਾ, ਅਤੇ ਇਸ ਨੇ ਗੁਰੂ ਕੇ ਦਰਬਾਰ-ਅਸਥਾਨ ਦੇ ਬਾਹਰ ਜਾ ਡੇਰਾ ਲਾਇਆ। ਆਮ ਲੋਕ ਤਾਂ ਪ੍ਰੇਮੇ ਦੇ ਰੋਗ ਅਤੇ ਮੱਖੀਆਂ ਦੀ ਭਿਣ-ਭਿਣਾਹਟ ਨੂੰ ਵੇਖ, ਉਸ ਤੋਂ ਨੱਕ ਵਟਦੇ ਅਤੇ ਉਸ ਤੋਂ ਪਾਸਾ ਕਰ ਜਾਂਦੇ, ਪਰ ਗੁਰੂ ਕੇ ਸਿਖ ਇਸ ਨਾਲ ਪਿਆਰ ਤੇ ਹਮਦਰਦੀ ਰਖਦੇ, ਵੇਲੇ ਕੁਵੇਲੇ ਇਸ ਦੇ ਪਾਸ ਆ ਬੈਠਦੇ। ਮਿੱਠੀਆਂ ਮਿੱਠੀਆਂ ਗੱਲਾਂ ਸੁਣਾ ਕੇ ਇਸ ਦਾ ਦਿਲ ਪਰਚਾਉਂਦੇ।



www.AKJ.Org

ਗੁਰੂ ਜੀ ਦੀ ਆਗਿਆ ਨਾਲ ਪ੍ਰੇਮੇ ਵਾਸਤੇ ਦੋ ਵਕਤ ਲੰਗਰ ਵਿਚੋਂ ਸੁਅਛ ਪ੍ਰਸ਼ਾਦਾ ਅਤੇ ਦੁਧ ਆਦਿ ਆ ਜਾਂਦੇ। ਗੁਰੂ ਕੀ ਬਾਉਲੀ ਦੇ ਨਿਰਮਲ ਜਲ ਦੀ ਗਾਗਰ ਨਾਲ ਰੋਜ਼ਾਨਾ ਇਸ਼ਨਾਨ ਕਰਾਇਆ ਜਾਂਦਾ। ਪਹਿਨਣ ਲਈ ਸਾਫ਼ ਸੁਥਰੇ ਕਪੜੇ ਦਿਤੇ ਗਏ। ਕਦੀ ਕਦੀ ਸਤਿਗੁਰੂ ਅਮਰ ਦਾਸ ਜੀ ਆਪ ਆਉਂਦੇ। ਪ੍ਰੇਮਾ ਤਿਨ੍ਹਾਂ ਦੇ ਦਰਸ਼ਨ ਕਰ ਨਿਹਾਲ ਹੁੰਦਾ। ਗੁਰੂ ਜੀ ਉਸ ਨੂੰ ਸਤਿ ਨਾਮ ਦਾ ਜਾਪ ਮਨ ਬਿਰਤੀ ਕਰਕੇ ਕਰਨ ਦੀ ਸੂਚਨਾ ਦਿੰਦੇ ਅਤੇ ਕਹਿੰਦੇ, 'ਪ੍ਰੇਮਿਆ, ਸਤਿਨਾਮ ਦਾ ਜਾਪ ਜਪਿਆ ਕਰ, ਤੇਰਾ ਦੁਖ ਕਟਿਆ ਜਾਵੇਗਾ। ਗੁਰੂ ਜੀ ਨੂੰ ਤਕ ਪ੍ਰੇਮੇ ਦੀਆਂ ਅੱਖੀਆਂ ਸ਼ੁਕਰਾਨੇ ਦੀ ਬਿਹਬਲਤਾ ਵਿਚ ਜ਼ਾਰ ਜ਼ਾਰ ਰੋ ਪੈਂਦੀਆਂ। ਇਸ ਤਰ੍ਹਾਂ ਬਹੁਤ ਸਾਰਾ ਸਮਾ ਲੰਘਿਆ। ਪ੍ਰੇਮੇ ਦਾ ਸਰੀਰ ਦਿਨੋ ਦਿਨ ਰਾਜ਼ੀ ਹੋਣ ਲਗ ਪਿਆ, ਗੁਰੂ ਕੇ ਸਿਖ ਉਸਨੂੰ ਰੋਜ਼ਾਨਾ ਗੁਰੂ ਬਾਣੀ ਦੀ ਕੋਈ ਨਾ ਕੋਈ ਨਵੀਂ ਤੁਕ ਸਿਖਾ ਜਾਂਦੇ, ਜਿਸ ਨੂੰ ਉਹ ਸਾਰਾ ਦਿਨ ਰਟਦਾ ਰਹਿੰਦਾ। ਸਵੇਰ ਨੂੰ ਆਸਾ ਦੀ ਵਾਰ ਅਤੇ ਸ਼ਾਮ ਨੂੰ ਸੋਦਰ ਦੇ ਕੀਰਤਨ ਦੀਆਂ ਧੁਨਾਂ, ਇਥੇ ਹੀ ਪ੍ਰੇਮੇ ਦੇ ਕੰਨੀਂ ਪੈਂਦੀਆਂ ਰਹਿੰਦੀਆਂ, ਜਿਨ੍ਹਾਂ ਨੂੰ ਇਹ ਬੜੇ ਪ੍ਰੇਮ ਨਾਲ ਸੁਣਦਾ ਤੇ ਵਿਚਾਰਦਾ। ਹੌਲੀ ਹੌਲੀ ਇਸਨੂੰ ਜਪੁਜੀ ਸਾਹਿਬ, ਆਸਾ ਦੀ ਵਾਰ, ਸੋਦਰ ਦੇ ਪਾਠ ਅਤੇ ਹੋਰ ਕਈ ਸ਼ਬਦ ਯਾਦ ਹੋ ਗਏ। ਪ੍ਰੇਮੇ ਦੀ ਆਤਮਕ ਅਵਸਥਾ ਦਿਨੋ ਦਿਨ ਦਿਨ ਉਚੀ ਹੁੰਦੀ ਗਈ, ਸਰੀਰ ਅਰੋਗ ਹੁੰਦਾ ਗਿਆ ਅਤੇ ਇਹ ਗੁਰੂ ਜੀ ਦਾ ਅਨਿੰਨ ਪ੍ਰੇਮੀ ਹੋ ਗਿਆ।

ਇਕ ਦਿਨ ਗੁਰੂ ਜੀ ਨੇ ਇਕ ਵੱਡਾ ਚਿੱਟਾ ਚਾਦਰਾ ਇਕ ਸਿਖ ਨੂੰ ਦੇ ਕੇ ਹੁਕਮ ਕੀਤਾ ਕਿ ਪ੍ਰੇਮੇ ਨੂੰ ਬਾਉਲੀ ਦੇ ਸੁਅਛ ਜਲ ਨਾਲ ਇਸ਼ਨਾਨ ਕਰਾ ਕੇ ਚਾਦਰੇ ਵਿਚ ਲਪੇਟ ਕੇ ਗੁਰੂ ਕੇ ਹਜ਼ੂਰ ਸੰਗਤ ਵਿਚ ਲੈ ਆਓ। ਇਵੇਂ ਹੀ ਕੀਤਾ ਗਿਆ। ਜਦੋਂ ਪ੍ਰੇਮੇ ਨੂੰ ਗੁਰੂ ਜੀ ਦੇ ਸਾਹਮਣੇ ਲਿਆ ਕੇ ਬਿਠਾਇਆ ਗਿਆ ਤਾਂ ਗੁਰੂ ਜੀ ਨੇ ਪ੍ਰੇਮੇ ਨੂੰ ਬੜੇ ਪਿਆਰ ਅਤੇ ਮੇਹਰ ਭਰੀ ਨਜ਼ਰ ਨਾਲ ਤੱਕਿਆ ਅਤੇ ਕਿਹਾ, 'ਪ੍ਰੇਮਿਆ, ਤੇਰੇ ਉਪਰ ਕਰਤਾ ਪੁਰਖ ਜੀ ਦੀ ਅਪਾਰ ਕਿਰਪਾ ਹੋਈ ਹੈ।'

ਇਉਂ ਕਹਿੰਦੇ ਹੋਏ ਪ੍ਰੇਮੇ ਉਪਰੋਂ ਚਿੱਟੀ ਚਾਦਰ ਖਿਚ ਲਈ ਤੇ ਕਿਹਾ, "ਵੇਖੋ ਸਾਧ ਸੰਗਤ! ਪ੍ਰੇਮੇ ਦੀ ਦੇਹੀ ਮੁਰਾਰੀ ਵਰਗੀ ਹੋ ਗਈ ਹੈ, ਇਹ ਪ੍ਰੇਮਾ ਨਹੀਂ, ਮੁਰਾਰੀ ਹੈ। ਇਹ ਸਤਿਨਾਮ ਅੰਦਰ ਜੁੜਿਆ ਹੈ, ਇਹ ਮੁਰਾਰੀ ਰੂਪ ਹੋਇਆ ਹੈ। ਇਸ ਨੇ ਜਾਪ ਜਪਿਆ ਹੈ ਅਤੇ ਹੋਰਨਾਂ ਨੂੰ ਜਪਾਵੇਗਾ। ਅਸੀਂ ਅਜ ਤੋਂ ਇਸ ਨੂੰ ਇਕ 'ਮੰਜੀ' ਬਖਸ਼ੀ ਹੈ। ਇਹ ਆਪ ਤਰਿਆ ਹੈ, ਲੋਕਾਂ ਨੂੰ ਤਾਰੇਗਾ। ਇਹ ਗੁਰੂ ਨਾਨਕ ਨਾਮ ਦਾ ਡੰਕਾ ਜਗ ਵਿਚ ਵਜਾਏਗਾ। ਅਸੀਂ ਹੁਣ ਇਸ ਨੂੰ ਇਸ ਕੰਮ ਲਈ ਬਾਹਰ ਭੇਜਣਾ ਹੈ, ਪ੍ਰੰਤੂ ਇਸ ਨੇ ਗੁਰਸਿੱਖੀ ਅੰਦਰ ਨਿਰਲੇਪ ਰਹਿ ਕੇ ਇਸੇ ਨਿਰਲੇਪਤਾ ਦਾ ਉਪਦੇਸ਼ ਗ੍ਰਿਹਸਤੀ ਲੋਕਾਂ ਨੂੰ ਦੇਣਾ ਹੈ। ਇਸ ਲਈ ਇਸਨੂੰ ਇਕੱਲੇ ਨੂੰ ਬਾਹਰ ਨਹੀਂ ਭੇਜਣਾ, ਸਗੋਂ ਇਸ ਦਾ ਵਿਆਹ ਕਰ ਕੇ ਜੋੜੀ ਨੂੰ ਲੋਕਾਂ ਦੇ ਉਧਾਰ ਲਈ ਭੇਜਣਾ ਹੈ। ਕੋਈ ਅਜਿਹਾ ਸਿਖ ਹੈ ਜੋ ਆਪਣੀ ਕੰਨਿਆ ਇਸ ਨੂੰ ਵਿਆਹ ਦੇਵੇ?"

ਗੁਰੂ ਜੀ ਦਾ ਬਚਨ ਸੁਣ ਕੇ ਇਕ ਵੇਰ ਸਾਰੇ ਚੁਪ ਛਾ ਗਈ। ਕੌਣ ਹੋਵੇ ਜੋ ਆਪਣੀ ਲੜਕੀ ਕੋਹੜੀ ਪ੍ਰੇਮੇ ਨਾਲ ਵਿਆਹ ਦੇਵੇ। ਪ੍ਰੰਤੂ ਗੁਰੂ ਘਰ ਦੇ ਅਨਿੰਨ ਸੇਵਕ ਸਮਝਦੇ ਸਨ ਕਿ ਜਿਸ ਕੋਹੜੀ ਨੂੰ ਗੁਰੂ ਜੀ ਨੇ ਅਰੋਗ ਕੀਤਾ ਹੈ, ਫਿਰ ਨਾਮ ਦੀ ਦਾਤਿ ਦਿਤੀ ਹੈ; ਜੋ ਆਪ ਜਪਦਾ ਹੈ ਅਤੇ ਹੋਰਨਾਂ ਨੂੰ ਜਪਾਉਣ ਲਈ ਜਿਸ ਨੂੰ ਗੁਰੂ ਜੀ ਨੇ 'ਮੰਜੀ' ਬਖ਼ਸ਼ ਦਿਤੀ ਹੈ, ਉਹ ਰੋਗੀ ਕਿਸ ਤਰ੍ਹਾਂ ਰਹਿ ਸਕਦਾ ਹੈ? ਉਸ ਉਤੇ ਤਾਂ ਸਤਿਗੁਰੂ ਦੀ ਅਪਾਰ ਬਖਸ਼ਸ਼ ਹੈ। ਇਉਂ ਸੋਚਦੇ ਹੋਏ ਇਕ ਸੀਹਾਂ ਨਾਮ ਦਾ ਗੁਰਸਿਖ ਉਠ ਖੜਾ ਹੋਇਆ ਅਤੇ ਬੇਨਤੀ ਕੀਤੀ, ਸਚੇ ਪਾਤਸ਼ਾਹ! ਮੇਰੀ ਲੜਕੀ ਸਭ ਵਰ-ਪ੍ਰਾਪਤੀ ਦੇ ਯੋਗ ਹੈ। ਜੇ ਆਪ ਆਗਿਆ ਕਰੋ ਤਾਂ ਮੈਂ ਉਸ ਨੂੰ ਲੈ ਆਵਾਂ।" ਗੁਰੂ ਜੀ ਦੀ ਆਗਿਆ ਪਾ ਕੇ ਭਾਈ ਸੀਹਾਂ ਆਪਣੀ ਲੜਕੀ ਨੂੰ ਲੈ ਆਇਆ ਅਤੇ ਗੁਰੂ ਜੀ ਨੇ ਇਨ੍ਹਾਂ ਦਾ ਵਿਆਹ ਕਰ ਕੇ ਸੰਗਤਾਂ ਤੇ ਸੀਹੇਂ ਪ੍ਰਤੀ ਜੋ ਬਚਨ ਕੀਤੇ, ਉਨ੍ਹਾਂ ਨੂੰ ਕਵੀ ਸੰਤੋਖ ਸਿੰਘ ਜੀ ਇਉਂ ਲਿਖਦੇ ਹਨ :



www.AKJ.Org

ਜਾਨਹੁ ਮਮ ਸੁਤ ਇਹ ਜੁ ਮੁਰਾਰੀ। ਬਯਾਹਯੋ ਤਨੁਜਾ ਸੰਗ ਤੁਮਾਰੀ।
ਤਵ ਤਨੁਜਾ ਕੋ ਨਾਮ ਮਥੋ ਹੈ। ਨਾਮ ਮੁਰਾਰੀ ਯਾਹਿ ਕਥੋ ਹੈ।
ਮਥੋ ਮੁਰਾਰੀ ਸਿਮਰੈਂ ਨਾਮ। ਪੂਰਨ ਹੋਹਿ ਨਰਨ ਕੇ ਕਾਮ।
ਮਥੋ ਨਾਮ ਆਗੇ ਕਹਿ ਆਛੇ। ਨਾਮ ਮੁਰਾਰੀ ਭਾਖਹਿੰ ਪਾਛੇ।
ਨਰ ਪੂਜਹਿੰਗੇ ਮਥੋ ਮੁਰਾਰੀ। ਚਿਤ ਚਿੰਤਾ ਦਿਹ ਸ਼ੋਕ ਬਿਦਾਰੀ।

ਇਹ ਓਹੋ ਪ੍ਰੇਮਾ ਹੈ ਜੋ ਕਦੀ ਲਾਹੌਰ ਦੀਆਂ ਗਲੀਆਂ ਅੰਦਰ ਗਲ ਵਿਚ ਟਿੰਡ ਲਟਕਾਈ ਰਿੜ੍ਹਦਾ ਫਿਰਦਾ ਸੀ ਅਤੇ ਲਹੂ ਪਾਕ ਦੀਆਂ ਰੇਸ਼ਾਂ ਕਰਕੇ ਦੁਨੀਆ ਨੇ ਉਸ ਨੂੰ ਛੇਕ ਦਿਤਾ ਹੋਇਆ ਸੀ। ਅਜ ਓਹ ਪ੍ਰੇਮਾ ਨਹੀਂ, ਅਜ ਓਹ ਗੁਰੂ ਅਮਰ ਦਾਸ ਜੀ ਦਾ ਧਰਮ-ਪੁੱਤਰ ਮੁਰਾਰੀ ਹੈ, ਜਿਸ ਦਾ ਵਿਆਹ ਗੁਰੂ ਜੀ ਨੇ ਆਪ ਕਰ ਕੇ ਉਸ ਨੂੰ 'ਮੰਜੀ' ਬਖ਼ਸ਼ ਕੇ ਉਚ ਕੋਟੀ ਦਾ ਸਿਖ ਹੋਣ ਦਾ ਮਾਣ ਦਿਤਾ ਹੈ, ਬਲਕਿ ਵਰ ਦਿਤਾ ਹੈ ਕਿ ਮਥੋ ਮੁਰਾਰੀ ਦੀ ਯਾਦ ਨੂੰ ਦਿਲ ਵਿਚ ਵਸਾਉਣ ਵਾਲਿਆਂ ਦੀਆਂ ਚਿੰਤਾ ਤੇ ਸ਼ੋਕ ਦੂਰ ਹੋ ਜਾਣਗੇ। ਇਹ ਪ੍ਰੇਮੇ ਦੇ ਭਰੋਸੇ ਅਤੇ ਸਿਦਕ ਸ਼ਰਧਾ ਦਾ ਸਦਕਾ ਸੀ, ਜੋ ਉਸਦੇ ਦਿਲ ਅੰਦਰ ਗੁਰੂ ਅਮਰ ਦਾਸ ਜੀ ਲਈ ਪੈਦਾ ਹੋ ਚੁਕੀ ਸੀ।

'ਗੁਰੁ ਅਮਰ ਦਾਸੁ ਜਿਨ੍ ਸੇਵਿਅਉ ਤਿਨ੍ ਦੁਖੁ ਦਰਿਦ੍ਰੁ ਪਰਹਰਿ ਪਰੈ ॥੩॥੧੭॥ (ਪੰਨਾ ੧੩੯੫)

ਮੇਰ ਵੀਰ, ਜ਼ਰਾ ਸੋਚ, ਅਪਾਹਜ ਤੇ ਕੁਸ਼ਟੀ ਪ੍ਰੇਮੇ ਨੂੰ ਕਿਸ ਗੱਲ ਨੇ ਅਰੋਗ ਕਰਕੇ ਕੰਚਨ ਜਿਹੀ ਦੇਹੀ ਦਿਤੀ ? ਓਹ ਗੁਰੂ ਜੀ ਦੀ ਸਰਣ ਵਿਚ ਆ ਗਿਆ। ਗੁਰੂ ਜੀ ਨੇ ਉਸ ਨੂੰ ਕਿਹਾ, 'ਪ੍ਰੇਮਿਆ, ਸਤਿ ਨਾਮ ਦਾ ਜਾਪ ਜਪਿਆ ਕਰ, ਤੇਰਾ ਦੁਖ ਕਟਿਆ ਜਾਵੇਗਾ'। ਪ੍ਰੇਮੇ ਨੇ ਇਕ-ਮਨ ਇਕ-ਚਿਤ ਹੋ ਕੇ ਸਤਿ ਨਾਮ ਦਾ ਜਾਪ ਕੀਤਾ। ਓਹ ਨਿਤਾਪ੍ਰਤ ਗੁਰੂ-ਬਾਣੀ ਸੁਣਦਾ, ਵਿਚਾਰਦਾ, ਯਾਦ ਕਰ ਲੈਂਦਾ ਅਤੇ ਦਿਨ ਰਾਤ ਉਸ ਨੂੰ ਪੜ੍ਹਦਾ ਰਹਿੰਦਾ। ਇਉਂ ਗੁਰੂ ਬਾਣੀ ਦੇ ਅਭਿਆਸ ਅਤੇ ਨਾਮ ਦੇ ਜਾਪ ਨੇ ਉਸ ਨੂੰ ਨਵਾਂ ਨਿਰੋਆ ਕਰ ਦਿਤਾ। ਗੁਰੂ ਜੀ ਫ਼ੁਰਮਾਉਂਦੇ ਹਨ–

ਸਰਬ ਰੋਗ ਕਾ ਅਉਖਦੁ ਨਾਮੁ ॥੫॥੯॥ (ਪੰਨਾ ੨੭੪)

ਜਿਵੇਂ ਲਕੜ ਦੇ ਢੇਰ ਨੂੰ ਇਕ ਚੁਆਤੀ ਸੁਆਹ ਕਰ ਦੇਂਦੀ ਹੈ ਇਉਂ ਹਿਰਦੇ ਅੰਦਰ ਵਸਿਆ ਨਾਮ ਦਾ ਕਿਣਕਾ ਤਮਾਮ ਰੋਗ ਭਸਮ ਕਰ ਦੇਂਦਾ ਹੈ :

ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ ॥
ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ ॥੨॥੫॥ (ਵਾਰ ਜੈਤਸਰੀ–੭੦੯)

ਹੋਰ ਵੇਖੋ, ਗੁਰੂ ਕੇ ਸਿਖ ਸ਼ੀਹੇਂ ਦਾ ਗੁਰੂ ਪਰ ਸਿਦਕ ਤੇ ਗੁਰੂ ਕੇ ਬਚਨ ਤੇ ਭਰੋਸਾ। ਸ਼ੀਹੇਂ ਨੂੰ ਪਤਾ ਸੀ ਕਿ ਪ੍ਰੇਮਾ ਕੁਸ਼ਟੀ ਤੇ ਲੂਲ੍ਹਾ ਸੀ, ਪਰ ਗੁਰੂ ਕਾ ਬਚਨ ਪਾਲਦੇ ਹੋਏ ਉਸ ਨੇ ਆਪਣੀ ਜਵਾਨ ਪੁਤਰੀ– ਮਥੋ ਪ੍ਰੇਮੇ ਨੂੰ ਵਿਆਹ ਦਿਤੀ। ਇਸੇ ਗੱਲ ਨੇ ਸ਼ੀਹੇਂ ਦੇ ਧੀ-ਜਵਾਈ ਨੂੰ ਸਾਰੇ ਸਿਖ-ਸੰਸਾਰ ਅੰਦਰ ਉੱਘਾ ਕਰ ਦਿੱਤਾ ਅਤੇ 'ਮਥੋ ਮੁਰਾਰੀ' ਦੇ ਨਾਮ ਤੇ ਗੁਰੂ ਕੇ ਇਤਿਹਾਸ ਅੰਦਰ ਸਦੀਵੀ ਥਾਂ ਪ੍ਰਾਪਤ ਕਰ ਲਿਆ।

---

[੨੯ ਸਫ਼ੇ ਦੀ ਬਾਕੀ]

ਲਈ ਸੰਗਤ ਵਿਚ ਆਇ ਜੁੜਦੇ ਹਨ, ਉਥੇ ਨਾਮ-ਬਾਣੀ ਦੀ ਕਲਾ ਵਿਚ ਵਾਧਾ ਕਰਨ ਲਈ ਲੰਗਰ ਵਿਚ ਵੀ ਸਾਤਵਿਕ ਕਲਾ ਵਰਤਾਈ ਜਾਏ ਅਤੇ ਸਾਤਵਿਕ ਭੋਜਨ ਨੂੰ ਚਟਪਦੇ ਮਿਰਚ-ਮਸਾਲਿਆਂ ਤੋਂ ਬਚਾਇਆ ਜਾਵੇ, ਅਤੇ ਨਾਮ-ਬਾਣੀ ਦੇ ਪ੍ਰਭਾਵ ਹੇਠ ਤਿਆਰ-ਬਰ-ਤਿਆਰ ਭੈ-ਭਾਵਨੀ ਵਾਲੇ ਸਤੋਗੁਣੀ ਗੁਰਸਿਖਾਂ ਰਾਹੀਂ ਸਾਤਵਿਕ ਭੋਜਨ ਤਿਆਰ ਕਰਾਈਏ ਅਤੇ ਸਤੋ-ਗੁਣਾਂ ਦੇ ਪ੍ਰਭਾਵ ਹੇਠ ਨਾਮ-ਰੰਗ ਮਾਣਦੇ ਹੋਏ ਸਤੋਗੁਣੀ ਹੋ ਸਕੀਏ। ਲੰਗਰ ਦਾ ਉਹ ਭੋਜਨ ਇਤਨਾ ਸਾਦਾ ਤੇ ਰਸੀਲੇ ਰੰਗ ਵਿਚ ਸਜਿਆ ਹੋਵੇ ਕਿ ਹਰ ਕੋਈ ਉਸ ਨੂੰ ਛਕ ਕੇ ਅਨੰਦ ਮਾਣ ਸਕੇ। ਐਸੇ ਤਾਮਸੀ ਭੋਜਨ ਤੋਂ ਸੰਕੋਚ ਕੀਤਾ ਜਾਵੇ ਜਿਸ ਦੇ ਛਕਿਆਂ ਸਰੀਰ ਰੋਗੀ ਹੁੰਦਾ ਹੋਵੇ ਸਗੋਂ ਭੋਜਨ ਛਕ ਕੇ ਸਵਾਸ ਸਵਾਸ ਵਾਹਿਗੁਰੂ ਚਿਤ ਆਵੇ। 

www.AKJ.Org

# ਸਤਿਗੁਰਾਂ ਦਾ ਇਲਾਹੀ ਲੰਗਰ

ਪ੍ਰੋਫੈਸਰ ਪੂਰਨ ਸਿੰਘ ਜੀ ਆਪਣੇ ਇਸ ਲੇਖ ਵਿਚ ਹੀ ਇਉਂ ਲਿਖਦੇ ਹਨ—

"ਬਾਣੀ ਪੜ੍ਹਦੇ ਪੜ੍ਹਦੇ ਲੰਗਰ ਤਿਆਰ ਹੁੰਦਾ ਹੈ, ਸਤਿਗੁਰੂ ਆਂਵਦੇ ਹਨ, ਪ੍ਰਸ਼ਾਦ ਪਾਉਂਦੇ ਹਨ ਤੇ ਸੀਤ ਪ੍ਰਸ਼ਾਦ ਸਭ ਸੰਗਤਾਂ ਛਕਦੀਆਂ ਹਨ। ਸਤਿਗੁਰੂ ਦੇ ਲੰਗਰ ਦੀ ਸੇਵਾ ਉਹ ਪੂਜਾ ਹੈ ਜਿਸ ਵਿਚ ਰੱਬ ਆਪ ਆ ਕੇ ਭਗਤ ਨਾਲ ਗੱਲਾਂ ਬਾਤਾਂ ਕਰਦਾ ਹੈ, ਉਹ ਰੱਬ ਨੂੰ ਭੋਗ ਲਗਾਉਂਦਾ ਹੈ ਤੇ ਭਗਤ ਰੱਬ ਨੂੰ ਛਕਾਉਂਦਾ ਹੈ। ਹਾਂ ਜੀ, ਧੰਨੇ ਭਗਤ ਨੇ ਬਾਬੇ ਨੂੰ ਦੁੱਧ ਜ਼ਰੂਰ ਛਕਾਇਆ ਸੀ।..ਹਾਂ ਜੀ, ਨਾਮੇ ਦੀ ਮੋਈ ਗਊ ਬਾਬੇ ਨੇ ਜ਼ਰੂਰ ਜੁਆਲੀ ਸੀ। ਹਾਂ ਜੀ, ਸਤਿਗੁਰ ਨੇ ਭੋਜਨ ਛਕਣ ਛਕਾਣ ਨੂੰ ਆਪਣੀ ਪ੍ਰੀਤ ਦਾ ਰੁਤਬਾ ਬਖਸ਼ਿਆ। ਸਤਿਗੁਰਾਂ ਦੇ ਲੰਗਰ ਦਾ ਇਕ ਇਕ ਭੋਰਾ ਪ੍ਰੀਤ ਦੇ ਤੂਫ਼ਾਨੀ ਨੂਰ ਵਿਚ ਗੁੰਦਿਆ ਹੋਂਵਦਾ ਹੈ।

"ਸਿੰਘਾਂ ਦਾ ਡਾਢਾ ਹੀ ਉੱਚਾ ਸਤਾਰਾ ਹੈ। ਸੁੱਕੇ ਟੁਕੜੇ ਜੇ ਮਿਲਣ ਤਾਂ ਉਨ੍ਹਾਂ ਵਿਚ ਰੱਬੀ ਰਸ ਭਰਦਾ ਹੈ ਤੇ ਇਹ ਪ੍ਰੀਤ ਪਾਨ ਕਰ ਕਰ ਜੀਂਦੇ ਹਨ। ਬਾਬੇ ਦੇ ਲੰਗਰ ਵਿਚ ਜਾਤ ਪਾਤ ਦੀ ਬਾਵਲੀ ਧੋਬੀਆਂ ਵਾਲੀ ਛੂੰ ਛੀਂ ਨਹੀਂ, ਪਰ ਇਹ ਲੰਗਰ ਆਮ ਦ੍ਰਿਸ਼ਟੀ ਥੀਂ ਛਪਨ ਲੰਗਰ ਹੈ, ਇਹ ਬਾਦਸ਼ਾਹ ਦਾ ਲੰਗਰ ਹੈ. ਇਥੇ ਲੰਡੀ ਬੁਚੀ ਪਰ ਨਹੀਂ ਮਾਰ ਸਕਦੀ। ਇਹ ਫ਼ਕੀਰਾਂ ਪੀਰਾਂ ਮੀਰਾਂ ਦਾ ਲੰਗਰ ਹੈ, ਜਿਸ ਦੇ ਦਰਵਾਜ਼ੇ ਤੇ ਸ਼ੇਰ ਪਹਿਰਾ ਦੇਂਦੇ ਹਨ। ਇਸ ਲੰਗਰ ਵਿਚ ਖੰਡਾ ਲਿਸ਼ਕਦਾ ਹੈ, ਇਹ ਡਾਢਿਆਂ ਦਾ ਲੰਗਰ ਹੈ, ਇਥੇ ਜ਼ੋਰ ਵਾਲੇ ਤੇ ਡਾਢੇ ਪ੍ਰਸ਼ਾਦ ਛਕਦੇ ਹਨ— ਤਿਥੈ ਜੋਧ ਮਹਾਂ ਬਲ ਸੂਰ ॥

"ਗੁਰੂ ਕੇ ਸਿੰਘ ਤਿਆਰ-ਬਰ-ਤਿਆਰ ਕਮਰ-ਕਸੇ ਸਿਪਾਹੀ ਹਨ, ਅੰਨ ਮਨ ਤਨ ਦੇ ਫ਼ਿਕਰ ਇਨ੍ਹਾਂ ਇਲਾਹੀ ਲੋਕਾਂ ਦੇ ਫ਼ਿਕਰ ਨਹੀਂ। ਇਨ੍ਹਾਂ ਦੇ ਭੋਜਨ ਦੇ ਥਾਲ ਤਾਂ ਧੁਰ ਥੀਂ ਆਂਵਦੇ ਹਨ, ਆਟਾ ਇਨ੍ਹਾਂ ਦਾ ਧੁਰ ਉਪਰ ਧੁੰਦ-ਮੰਡਲਾਂ ਦੀਆਂ ਨੂਰੀ ਚਕੀਆਂ ਵਿਚ ਪੀਸਿਆ ਜਾਂਦਾ ਹੈ, ਸਤਸੰਗੀ, ਸਚਖੰਡ ਥੀਂ ਆਟਾ ਚੁਕ ਕੇ ਗੁਰੂ-ਆਗਿਆ ਅਨੁਸਾਰ ਸਿੰਘਾਂ ਦੇ ਗੁਰ-ਲੰਗਰਾਂ ਵਿਚ ਪਹੁੰਚਾਂਦੇ ਹਨ, ਅਰ ਸਤਸੰਗੀ ਜਲ ਦੇ ਘੜੇ ਨੂਰ ਨਾਲ ਭਰ ਲੈ ਆਏ। ਹਾਂ ਜੀ, ਪਿਆਰ ਨਾਲ ਆਏ, ਕਲਗੀਆਂ ਵਾਲੇ ਦੀ ਰਜ਼ਾ ਵਿਚ ਆਏ, ਬਾਬਾ ਜੀ ਸਿੰਘਾਂ ਦੀਆਂ ਰੋਟੀਆਂ ਇਉਂ ਘਲਦੇ ਹਨ।

"ਖ਼ਾਲਸਾ ਜੀਉ, ਉਠੋ! ਅਰਦਾਸਾ ਸੋਧੋ, ਬਾਬੇ ਨੇ ਪ੍ਰਸ਼ਾਦ ਭੇਜਿਆ ਹੈ। ਆਓ ਬਾਬੇ ਨੂੰ ਵੀ ਛਕਾਈਏ ਤੇ ਆਪ ਵੀ ਛਕੀਏ। ਓਹੋ! ਕਿਆ ਸਵਾਦ ! ਬਾਬਾ ਜੀ ਬੱਚਿਆਂ ਵਾਸਤੇ ਐਟ-ਹੋਮ (*At-Home*) (ਜ਼ਯਾਫ਼ਤ) ਹੋਏ।" ——'ਨਿਰਗੁਣੀਆਰਾ' ਅੰਮ੍ਰਿਤਸਰ ਵਿਚੋਂ

ਭਾਈ ਸਾਹਿਬ ਰਣਧੀਰ ਸਿੰਘ ਜੀ 'ਰੰਗਲੇ ਸੱਜਣ' ਪੁਸਤਕ ਵਿਚ ਬਾਬਾ ਰਾਮ ਸਿੰਘ ਅਤੇ ਮਾਈ ਪ੍ਰੇਮ ਕੌਰ ਜੀ ਦੇ ਬ੍ਰਿਤਾਂਤ ਵਿਚ ਲਿਖਦੇ ਹਨ—

"ਦੋਹਾਂ ਦਾ ਸ਼ਾਂਤ, ਸਤੋ ਗੁਣੀ ਸੁਭਾਵ, ਸਤ ਸੰਤੋਖ ਵਿਚ ਨਿਪੁੰਨ। ਪੂਰੀ ਭਾਉ ਭਾਵਨੀ ਸਹਿਤ ਸੰਗਤਾਂ ਦੀ ਹੱਥੀਂ ਸੇਵਾ ਕਰਨ ਵਿਚ ਆਯੂ ਪ੍ਰਯੰਤ ਜੁਟੇ ਰਹੇ। ਕਦੇ ਅੱਕਣ ਨਹੀਂ, ਕਦੇ ਥੱਕਣ ਨਹੀਂ। ਬਰਸਾਂ ਬੱਧੀ ਅਖੰਡ ਪਾਠ ਸਮਾਗਮਾਂ ਤੇ ਅਤੁਟ ਲੰਗਰ ਸਜਾਉਣਾ, ਵਰਤਾਉਣਾ, ਸੰਗਤਾਂ ਨੂੰ ਛਕਾਉਣਾ ਇਨ੍ਹਾਂ ਦਾ ਪ੍ਰੇਮ-ਭੂਸ਼ਨੀ ਆਹਰ ਰਿਹਾ। ਕਦੇ ਵੀ ਲੰਗਰ ਵਿਚ ਤੋਟ ਨਾ ਆਈ, ਚਾਹੇ ਕਿਤਨੀਆਂ ਸੰਗਤਾਂ ਫ਼ੌਜਾਂ ਆ ਕੇ ਗਫ਼ੇ ਲਾਵਣ। ਇਨ੍ਹਾਂ ਦੇ ਨਿਮਰੀ ਸੁਭਾ ਦਾ ਸਦਕਾ ਛਕਣਹਾਰਿਆਂ ਦੇ ਅੰਦਰ ਇਕ ਆਕਰਖਣ ਸ਼ਕਤੀ ਨਾਲ ਨਿਮ੍ਰਤਾ ਪਰਵੇਸ਼ ਹੋ ਜਾਂਦੀ ਸੀ। ਅੰਮ੍ਰਿਤ ਬਚਨ ਵਾਲਿਆਂ ਦੇ ਹੱਥੋਂ ਅੰਮ੍ਰਿਤ ਭੋਜਨ ਛਕਣ ਦਾ ਅੰਮ੍ਰਿਤੀ ਪ੍ਰਭਾਵ ਹੀ ਪ੍ਰਭਾਵਤ ਹੁੰਦਾ ਰਿਹਾ। ਇਕ ਛਿਨ ਵੀ ਇਨ੍ਹਾਂ ਦੀ ਨਾਮ-ਅਭਿਆਸ ਸਿਮਰਨ ਤੋਂ ਖ਼ਾਲੀ ਨਹੀਂ ਜਾਂਦੀ ਸੀ। ਲੰਗਰ ਦੀ ਸੇਵਾ ਨਿਭਾਉਂਦੇ ਹੋਏ, ਨਾਲ ਨਾਲ ਨਾਮ ਦਾ ਖੰਡਾ ਵੀ ਖੜਕਾਉਂਦੇ



www.AKJ.Org

ਰਹਿੰਦੇ ਸਨ। ਇਨ੍ਹਾਂ ਦੀ ਖੇਤੀ-ਬਾੜੀ ਤੋਂ ਉਗਵੇ ਹੋਏ ਸਾਬਤ ਮਾਂਹ ਸੰਗਤ ਵਿਚ ਮਸ਼ਹੂਰ ਸਨ। ਸਾਬਤ ਮਾਂਹ ਦਾ ਦਾਲਾ ਸਰਬ ਲੋਹ ਦੇ ਕੜਾਹਿਆਂ ਵਿਚ ਰਿੰਨ੍ਹ ਕੇ, ਨਾਮ-ਅਭਿਆਸੀ ਸੁਰਤੀ ਤਿਰਤੀ ਨਾਲ ਬਿੰਨ੍ਹ ਕੇ, ਤਿਆਰ ਕਰ ਕੇ ਸੰਗਤਾਂ ਨੂੰ ਪ੍ਰਸ਼ਾਦੇ ਨਾਲ ਛਕਾਉਣਾ, ਦਾਲਾ ਮੂੰਹੋਂ ਨਾ ਲਹਿਣਾ। ਬੜਾ ਹੀ ਸੁਆਦਲਾ, ਰਸ ਬਿਸਮਾਦ ਚਖਾਉਣਾ ਇਹ ਦਾਲਾ ਹੋਇਆ ਕਰਦਾ ਸੀ।''

'ਰੰਗਲੇ ਸਜਣ' ਪੁਸਤਕ ਵਿਚ ਡਾ: ਬਸੰਤ ਸਿੰਘ ਜੀ ਦੇ ਬ੍ਰਿਤਾਂਤ ਵਿਚ ਭਾਈ ਸਾਹਿਬ ਲਿਖਦੇ ਹਨ—

''ਗੁਰਮਤਿ ਲੰਗਰ ਸੇਖਵਾਂ ਦੇ ਡੇਰੇ ਚਲਦਾ ਹੀ ਰਹਿੰਦਾ ਸੀ, ਜਿਸ ਵਿਚ ਡਾ: ਬਸੰਤ ਸਿੰਘ ਦੀ ਆਪਣੀ ਛੋਟੀ ਭਰਜਾਈ ਬੀਬੀ ਪ੍ਰੀਤਮ ਕਰ ਜੀ ਦੀ ਮੁਖ ਪ੍ਰਧਾਨਤਾ ਸੀ। ਇਸ ਸੀਰ ਤੇ ਦਸਤਾਰ-ਸਜੀ ਬੀਬੀ ਦਾ ਏਤਨਾ ਦਬ੍ਹਾ ਸੀ ਕਿ ਕਿਸੇ ਦੀ ਮਜਾਲ ਨਹੀਂ ਸੀ ਕਿ ਲੰਗਰ ਦੇ ਮੰਡਲ ਵਲ ਕੋਈ ਅੱਖ ਫਰਕ ਕੇ ਵੀ ਝਾਕ ਸਕੇ। ਇਹ ਬੀਬੀ ਪ੍ਰੀਤਮ ਕੌਰ ਅਤਿਅੰਤ ਸੁਸ਼ੀਲ ਅਤੇ ਸਵਾਸ ਸਵਾਸ ਨਾਮ ਜਪਣ ਵਾਲੀ ਪੁਰਾਤਨ ਦੇਵੀ ਸੀ, ਜਿਸ ਦੇ ਦੈਵੀ ਸੁਭਾਵ ਅਤੇ ਪ੍ਰਭਾਵ-ਸ਼ਾਲੀ ਪ੍ਰਬੰਧ ਕਰਕੇ ਜੋ ਜੋ ਬੀਬੀਆਂ ਭੁਜੰਗਣਾਂ ਲੰਗਰ ਵਿਚ ਸੇਵਾ ਕਰਦੀਆਂ ਸਨ, ਉਨ੍ਹਾਂ ਦੇ ਗੁਰਮਤਿ ਜੀਵਨ ਨਾਮ ਅਭਿਆਸੀ ਕੁਠਾਲੀ ਵਿਚ ਢਲੇ ਹੋਏ ਸਨ। ਸੇਵਾ ਕਰਦਿਆਂ ਉਨ੍ਹਾਂ ਦੀਆਂ ਮਖ਼ਮੂਰ ਅੱਖੀਆਂ ਕਦੇ ਨਹੀ ਉਘੜਦੀਆਂ ਸਨ।''

ਨਾਰੰਗਵਾਲ ਪੋਹ ਸੁਦੀ ਸਪਤਮੀ ਸਮਾਗਮ ਸਮੇਂ ਬੇਅੰਤ ਸੰਗਤਾਂ ਭਾਈ ਸਾਹਿਬ ਜੀ ਦੀ ਕਿਲ੍ਹੇ-ਨੁਮਾ ਹਵੇਲੀ ਵਿਖੇ ਆ ਕੇ ਜੁੜਦੀਆਂ, ਜਿਥੇ ਸ੍ਰੀ ਅਖੰਡਪਾਠ ਤੇ ਅੰਮ੍ਰਿਤ-ਕੀਰਤਨ ਦੀਆਂ ਇਲਾਹੀ ਗੂੰਜਾਂ ਗੂੰਜਦੀਆਂ। ਉਥੇ ਗੁਰੂ ਕੇ ਲੰਗਰ ਵਿਚ ਵੀ ਅਲੌਕਿਕ ਸਾਤਵਿਕ ਕਲਾ ਵਰਤ ਰਹੀ ਹੁੰਦੀ। ਹਰ ਕੋਈ ਉਥੇ ਭੋਜਨ ਛਕ ਕੇ ਸਾਤਵਿਕ ਬ੍ਰਿਤੀ ਵਿਚ ਰੰਗਿਆ ਜਾਂਦਾ ਅਤੇ ਅੰਮ੍ਰਿਤ-ਰਸ ਭੁੰਚਦਾ।

**ਅੱਜ ਕਲ੍ਹ ਦੇ ਲੰਗਰ -**

ਪ੍ਰੋਫੈਸਰ ਪੂਰਨ ਸਿੰਘ ਜੀ ਅਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਉਪਰੋਕਤ ਕਥਨ ਕੀਤੇ ਅਨੁਸਾਰ ਅੱਜ ਕਲ੍ਹ ਉਨ੍ਹਾਂ ਗੁਣਾਂ ਨੂੰ ਅਪਣਾਉਣ ਵਲ ਖ਼ਾਸ ਧਿਆਨ ਨਹੀਂ ਦਿਤਾ ਜਾਂਦਾ, ਜਿਸ ਕਰਕੇ ਸਾਡੇ ਲੰਗਰਾਂ ਵਿਚ ਅੱਜ ਉਹ ਸਾਤਵਿਕ ਪ੍ਰਭਾਵ ਨਹੀਂ।

ਜਿਸ ਤਰ੍ਹਾਂ ਫ਼ੈਸ਼ਨ-ਪ੍ਰਸਤੀ ਵਿਚ ਹੜ੍ਹ ਆਇਆ ਪਿਆ ਹੈ ਅਤੇ ਸਾਡੀਆਂ ਯੁਵਤੀਆਂ ਤੇ ਯੁਵਕ ਇਨ੍ਹਾਂ ਫ਼ੈਸ਼ਨਾਂ ਵਿਚ ਬੁਰੀ ਤਰ੍ਹਾਂ ਗ੍ਰਸੇ ਪਏ ਹਨ, ਇਉਂ ਹੀ ਜਾਪਦਾ ਹੈ ਕਿ ਸਾਡੇ ਲੰਗਰਾਂ ਵਿਚ ਸਾਤਵਿਕ ਭੋਜਨ ਦੀ ਥਾਂ ਚਟਪਟੇ ਮਿਰਚਾਂ ਮਸਾਲਿਆਂ ਵਾਲੇ ਭੋਜਨ ਪ੍ਰਧਾਨ ਹੋ ਰਹੇ ਹਨ। ਦਾਲਾਂ ਦੀ ਥਾਂ ਸਫ਼ੈਦ ਛੋਲੇ ਜਾਂ ਘੀਏ ਦੇ ਕੋਫ਼ਤੇ ਐਸੇ ਤਿਖੇ ਤੇ ਤੇਜ਼ ਮਿਰਚਾਂ ਮਸਾਲਿਆਂ ਨਾਲ ਤਲੇ ਭੁੰਨੇ ਜਾਂਦੇ ਹਨ ਕਿ ਖਾਣ ਵਾਲਾ ਉਨ੍ਹਾਂ ਦੇ ਕਰਾਰੇ ਸਵਾਦ ਨੂੰ ਭੁਲਾ ਨਾ ਸਕੇ। ਪ੍ਰਸ਼ਾਦਿਆਂ ਦੀ ਥਾਂ ਤੇ ਵੀ ਪੂਰੀਆਂ ਤਲੀਆਂ ਹੋਈਆਂ ਪ੍ਰਧਾਨ ਹੋ ਰਹੀਆਂ ਹਨ। ਅਜਿਹੇ ਖਾਣੇ ਸੁਰਤੀ ਬ੍ਰਿਤੀ ਨੂੰ ਕਿਤਨਾ ਕੁ ਸਾਤਵਿਕ ਬਣਾਉਣਗੇ?

ਇਕ ਵੀਰ ਜੀ ਨੇ ਸ਼ਾਹਪੁਰ ਕੰਡੀ ਤੋਂ ਅਜਿਹੇ ਪ੍ਰਭਾਵ ਹੇਠ ਸਾਨੂੰ ਇਕ ਕਾਰਡ ਵਿਚ ਲਿਖਿਆ ਹੈ—''ਦਾਸ ਅਲਸਰ ਦਾ ਮਰੀਜ਼ ਹੈ। ਕਾਫ਼ੀ ਦੇਰ ਦੁਆਈਆਂ ਖਾਣ ਨਾਲ ਕਾਫ਼ੀ ਅਰਾਮ ਆ ਗਿਆ ਸੀ, ਪਰ ਪਿਛਲੇ ਸਾਲ ਬਟਾਲਾ ਵਿਖੇ ਬਾਬਾ ਜੀ ਦੇ ਵਿਆਹ ਪੁਰਬ ਸਮਾਗਮ ਤੇ ਲੰਗਰ ਛਕ ਲਿਆ, ਜਿਸ ਵਿਚ ਕਿ ਮਿਰਚਾਂ ਦੀ ਤੇ ਮਸਾਲਿਆਂ ਦੀ ਬਹੁਤ ਜ਼ਿਆਦਾ ਮਾਤਰਾ ਪਾਈ ਹੋਈ ਸੀ। ਉਸ ਨਾਲ ਦਾਸ ਨੂੰ ਫਿਰ ਤੋਂ ਇਹ ਤਕਲੀਫ਼ ਸ਼ੁਰੂ ਹੋ ਗਈ। ਗੁਰੂ ਕਾ ਲੰਗਰ ਛਕਣ ਨਾਲ ਤਾਂ ਅਨੰਦ ਮਿਲਣਾ ਚਾਹੀਦਾ ਹੈ, ਪਰ ਇਨ੍ਹਾਂ ਸਵਾਦਾਂ ਨੇ ਲੰਗਰ ਦੀ ਰੂਪ-ਰੇਖਾ ਹੀ ਵਿਗਾੜ ਕੇ ਰਖ ਦਿਤੀ ਹੈ। ਹੁਣ ਦਾਸ ਇਸੇ ਗੱਲ ਤੋਂ ਡਰਦਾ ਸਮਾਗਮਾਂ ਵਿਚ ਨਹੀਂ ਜਾਂਦਾ।''

ਕੀ ਅਸੀਂ ਇਸ ਪਾਸੇ ਧਿਆਨ ਦੇਵਾਂਗੇ ਕਿ ਜਿਥੇ ਗੁਰੂ ਕੇ ਸਿਖ ਨਾਮ-ਬਾਣੀ ਦੇ ਲਾਹੇ ਪ੍ਰਾਪਤ ਕਰਨ

[ਬਾਕੀ ਦੇਖੋ ਸਫ਼ਾ ੨੭ ਹੇਠ]



www.AKJ.Org

# ਕਬਿਤ ਸਵੱਯੇ ਭਾਈ ਗੁਰਦਾਸ ਜੀ (੬)

ਗ੍ਰਿਹ ਮਹਿ ਗ੍ਰਿਹਸਤੀ ਹੁਇ ਪਾਇਓ ਨ ਸਹਜ ਘਰ,
ਬਨ ਬਨਵਾਸ ਨ ਉਦਾਸ ਫਲ ਪਾਯੋ ਹੈ ॥
ਪੜ੍ਹ ਪੜ੍ਹ ਪੰਡਿਤ ਨ ਅਕਥ ਕਥਾ ਬਿਚਾਰੀ,
ਸਿਧਾਸਨ ਕੈ ਨ ਨਿਜ ਆਸਨ ਦ੍ਰਿੜਾਯੋ ਹੈ ॥
ਜੋਗ ਧਯਾਨ ਧਾਰਨ ਕੈ ਨਾਥਨ ਨ ਦੇਖੇ ਨਾਥੁ,
ਜੱਗ ਭੋਗ ਪੂਜਾ ਕੈ ਅਗਹੁ ਗਹਾਯੋ ਹੈ ॥
ਦੇਵੀ ਦੇਵ ਸੇਵ ਕੈ ਨ ਅਹੰਮੇਵ ਟੇਵ ਟਾਰੀ,
ਅਲਖ ਅਭੇਵ ਗੁਰੂ ਦੇਵੂ ਸਮਝਾਯੋ ਹੈ ॥੨੨॥੩੦॥

**ਪਦ ਅਰਥ** : ਗ੍ਰਿਹ ਮਹਿ—ਗ੍ਰਿਹਸਤ ਵਿਚ । ਬਨ ਬਨਵਾਸ—ਜੰਗਲਾਂ ਦਾ ਵਾਸੀ। ਉਦਾਸ ਫਲ—ਉਦਾਸੀ ਹੋਇਆ ਉਦਾਸ ਦਾ ਫਲ, ਪ੍ਰਭੂ ਗਿਆਨ ਪ੍ਰਾਪਤੀ ਦਾ ਫਲ । ਅਕਥ ਕਥਾ ਬਿਚਾਰੀ—ਨਾ ਕਥੇ ਜਾ ਸਕਣ ਵਾਲੇ ਵਾਹਿਗੁਰੂ ਦੀ ਕਥਾ ਦਾ ਵਿਚਾਰਵਾਨ । ਸਿਧਾਸਨ ਕੈ—ਸਿੱਧਾਂ ਦੇ ਆਸਣ ਕੀਤਿਆਂ। ਨਿਜ ਆਸਨ—ਨਿਜ ਸਰੂਪ ਦਾ ਟਿਕਾਣਾ, ਵਾਹਿਗੁਰੂ ਦੇ ਸਰੂਪ ਵਿਚ ਵਾਸਾ। ਨਾਥਨ—ਯੋਗੀਆਂ ਦੇ ਪ੍ਰਧਾਨ ਨੌਂ ਨਾਥ। ਨਾਥੁ—ਵਾਹਿਗੁਰੂ । ਅਗਹੁ—ਨਾ ਪਕੜਿਆ ਜਾਣ ਵਾਲਾ ਵਾਹਿਗੁਰੂ। ਗਹਾਯੋ ਹੈ—ਪਾਇਆ ਹੈ। ਅਹੰਮੇਵ ਟੇਰ—ਅਹੰਕਾਰ ਵਾਲੀ ਸੁਰਤੀ। ਟਾਰੀ—ਟਲਦੀ, ਦੂਰ ਹੁੰਦੀ। ਅਲਖ—ਨਾ ਜਾਣਿਆ ਜਾਂ ਦਿਸਣ ਤੋਂ ਪਰੇ, ਅਪਹੁੰਚ ਵਾਹਿਗੁਰੂ। ਅਭੇਵ—ਭੇਤ ਤੋਂ ਪਰੇ ਵਾਹਿਗੁਰੂ।

**ਅਰਥ** : (ਗੁਰਮਤਿ, ਗੁਰੂ-ਉਪਦੇਸ਼ ਪ੍ਰਾਪਤ ਕੀਤੇ ਬਿਨਾਂ, ਕੋਈ ਆਪਣੇ ਜਤਨ ਨਾਲ) ਗ੍ਰਿਹਸਤ ਵਿਚ ਗ੍ਰਿਹਸਤੀ ਹੋ ਕੇ ਪ੍ਰਭੂ-ਮਿਲਾਪ ਵਾਲੀ ਸਹਜ-ਸੁਖ-ਅਵਸਥਾ ਨਹੀਂ ਪਾ ਸਕਦਾ ਅਤੇ ਨਾ ਹੀ ਜੰਗਲ ਦਾ ਵਾਸੀ ਹੋ ਕੇ, ਘਰ ਬਾਰ ਛਡਣ ਦਾ ਫਲ (ਪ੍ਰਭੂ-ਗਿਆਨ) ਪ੍ਰਾਪਤ ਹੋ ਸਕਦਾ ਹੈ।

ਵਿਦਵਾਨ ਪੰਡਿਤ ਹੋਇਆਂ ਵੇਦ-ਸ਼ਾਸਤ੍ਰ ਆਦਿ ਧਰਮ-ਗ੍ਰੰਥ ਪੜ੍ਹ ਪੜ੍ਹ ਕੇ, ਕੋਈ ਵਾਹਿਗੁਰੂ ਦੀ ਅਕੱਥ ਕਥਾ ਦਾ ਵਿਚਾਰਵਾਨ ਨਹੀਂ ਹੋ ਸਕਦਾ ਅਤੇ ਨਾ ਹੀ ਸਿੱਧਾਂ ਦੇ ਆਸਣ ਲਾਇਆਂ ਚਿਤ ਬ੍ਰਿਤੀ ਵਾਹਿਗੁਰੂ ਦੇ ਸਰੂਪ ਵਿਚ ਦ੍ਰਿੜ੍ਹ ਹੋ ਸਕਦੀ ਹੈ।

ਜੋਗੀਆਂ ਦੇ ਮੁਖੀ ਨੌਂ ਨਾਥ ਵੀ ਜੋਗ ਦਾ ਧਿਆਨ ਧਾਰਨ ਕਰ ਕੇ ਪ੍ਰਭੂ-ਨਾਥ ਨੂੰ ਨਾ ਵੇਖ ਸਕੇ। ਉਹ ਦੁਰਲਭ ਵਾਹਿਗੁਰੂ ਜੱਗ ਭੋਗ ਪੂਜਾ ਆਦਿ ਕੀਤਿਆਂ ਵੀ ਨਹੀਂ ਪਾਇਆ ਜਾ ਸਕਦਾ।

ਦੇਵੀ ਦੇਵਤਿਆਂ ਦੀ ਸੇਵਾ ਕੀਤਿਆਂ ਅਹੰਕਾਰ ਵਾਲੀ ਸੁਰਤੀ ਦੂਰ ਨਹੀਂ ਹੋ ਸਕਦੀ, ਭਾਵ, ਪ੍ਰਭੂ-ਪ੍ਰਾਪਤੀ ਦੇ ਥਾਂ ਆਨ-ਦੇਵ-ਸੇਵਾ ਨਾਲ ਅਹੰਕਾਰ ਹੀ ਵਿਹਾਜਣਾ ਹੈ। ਉਹ ਅਪਹੁੰਚ ਤੇ ਅਭੇਦ ਵਾਹਿਗੁਰੂ ਕੇਵਲ ਸਤਿਗੁਰੂ ਦੇ ਬਖ਼ਸ਼ੇ ਗਿਆਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ।੨੨।੩੦।

ਤ੍ਰਿਗੁਨ ਅਤੀਤ ਚਤੁਰਥ ਗੁਨ ਗੰਮਿਤਾ ਕੈ,
ਪੰਚ ਤਤੁ ਉਲੰਘਿ ਪਰਮ ਤਤ ਵਾਸੀ ਹੈ ॥
ਖਟ ਰਸ ਤਯਾਗਿ ਪ੍ਰੇਮ ਰਸ ਕਉ ਪ੍ਰਾਪਤ ਭਏ,
ਪੂਰਿ ਸੁਰ ਸਪਤ ਅਨਹਦ ਅਭਿਆਸੀ ਹੈ ॥
ਅਸਟ ਸਿਧਾਂਤ ਭੇਦਿ ਨਾਥਨ ਕੈ ਨਾਥ ਭਏ,
ਦਸਮ ਸਥਲ ਸੁਖ-ਸਾਗਰ ਬਿਲਾਸੀ ਹੈ ॥
ਉਨਮਨਿ ਮਗਨ ਗਗਨ ਹੁਇ ਨਿਝਰ ਝਰੈ,
ਸਹਜ ਸਮਾਧਿ ਗੁਰਿ ਪਰਚੈ ਉਦਾਸੀ ਹੈ ॥੨੩॥੩੧॥



www.AKJ.Org

**ਪਦ ਅਰਥ :** ਤ੍ਰਿਗੁਨ-ਤਿੰਨਾਂ ਗੁਣਾਂ (ਰਜ, ਤਮ, ਸਤ) ਵਾਲੀ ਮਾਇਆ । ਅਤੀਤ-ਉਪਰਾਮ, ਉਦਾਸ, ਨਿਰਲੇਪ । ਚਤੁਰਥ ਗੁਨ-ਚੌਥੀ ਗਿਆਨ ਅਵਸਥਾ । ਗੰਮਿਤਾ ਕੈ-ਪਹੁੰਚ ਕੇ, ਪ੍ਰਾਪਤ ਕਰ ਕੇ । ਪੰਚ ਤਤ ਉਲੰਘਿ-ਪੰਜਾਂ ਤਤਾਂ ਵਾਲੀ ਦੇਹੀ ਦਾ ਖ਼ਿਆਲ ਛਡ ਕੇ, ਦੇਹ-ਅਧਿਆਸ ਤਿਆਗ ਕੇ । ਖਟ ਰਸ-ਜੀਭ ਦੇ ਛੇ ਤਰ੍ਹਾਂ ਦੇ ਸਵਾਦ-ਮਿੱਠਾ, ਸਲੂਣਾ, ਚਰਪਰਾ (ਤਿਖਾ), ਕਸੈਲਾ, ਖੱਟਾ ਤੇ ਕੌੜਾ । ਪੂਰਿ-ਪੂਰ ਕੇ, ਛਡ ਕੇ । ਸੁਰ ਸਪਤ-ਸਤ੍ਹਾਂ ਸੁਰਾਂ ਵਾਲਾ ਸੰਗੀਤ, ਰਾਗ ਨਾਦ । ਅਨਹਦ-ਇਕ-ਰਸ ਵਜਣ ਵਾਲੀ ਸ਼ਬਦ-ਧੁਨੀ । ਅਸ਼ਟ ਸਿਧਾਂਤ-ਯੋਗ ਦੇ ਅਠ ਅੰਗ । ਭੇਦਿ-ਵਿੰਨ੍ਹ ਕੇ, ਤਿਆਗ ਕੇ । ਨਾਥਨ-ਜੋਗੀਆਂ ਦੇ ਮੁਖੀ ਨੌਂ ਨਾਥ । ਦਸਮ ਸਥਲ-ਦਸਮ ਦੁਆਰ । ਬਿਲਾਸੀ-ਅਨੰਦ ਮਾਣਨ ਵਾਲਾ । ਉਨਮਨਿ-ਉਨਮਨੀ, ਉਚੀ ਆਤਮਕ ਅਵਸਥਾ । ਮਗਨ-ਲੀਨ, ਅਨੰਦਿਤ । ਗਗਨ-ਦਸਮ ਦੁਆਰ । ਨਿਝਰ ਝਰੈ-(ਨਾਮ-ਅੰਮ੍ਰਿਤ-ਧਾਰਾ) ਇਕ-ਰਸ ਝਰਦੀ ਹੈ । ਗੁਰ ਪਰਚੈ-ਗੁਰੂ ਦੇ ਸ਼ਬਦ ਵਿਚ ਪਰਚਦਾ ਹੈ । ਉਦਾਸੀ-ਉਪਰਾਮ, ਅਟੰਕ, ਅਲੇਪ ।

**ਅਰਥ :** (ਨਾਮ-ਅਭਿਆਸੀ ਗੁਰਮੁਖ) ਮਾਇਆਵੀ ਤਿੰਨਾਂ ਗੁਣਾਂ ਤੋਂ ਅਟੰਕ ਹੋ, ਚੌਥੀ ਗਿਆਨ-ਅਵਸਥਾ ਨੂੰ ਪ੍ਰਾਪਤ ਕਰ ਕੇ, ਅਤੇ ਪੰਜ-ਤੱਤੀ ਸਰੀਰ ਨੂੰ ਸ਼ਿੰਗਾਰਨਾ ਸਵਾਰਨਾ ਛਡ ਕੇ, ਪਰਮ-ਤੱਤ ਵਾਹਿਗੁਰੂ ਦਾ ਧਿਆਨ-ਧਾਰੀ ਹੋ ਜਾਂਦਾ ਹੈ ।

ਉਹ ਜੀਭ ਦੇ ਛੇ ਰਸਾਂ ਨੂੰ ਛਡ ਕੇ ਪ੍ਰੇਮ-ਰਸ ਨੂੰ ਮਾਣਦਾ ਹੈ ਅਤੇ ਸਤ ਸੁਰਾਂ ਵਾਲੇ ਰਾਗ-ਨਾਦ-ਸੰਗੀਤ ਨੂੰ ਛਡ ਕੇ, ਅਨਹਦ ਸ਼ਬਦ ਦਾ ਅਭਿਆਸੀ ਹੁੰਦਾ ਹੈ, (ਅਤੁਟ ਨਾਮ-ਅਭਿਆਸ ਕਮਾਈ ਸਦਕਾ) ਇਕ-ਰਸ ਵਜਣ ਵਾਲੀ ਸ਼ਬਦ-ਧੁਨੀ ਦਾ ਅਨੰਦ ਮਾਣਦਾ ਹੈ ।

ਉਹ ਯੋਗ ਦੇ ਅਠਾਂ ਸਿਧਾਂਤਾਂ ਨੂੰ ਤਿਆਗ ਕੇ, ਵਡੇ ਵਡੇ ਸਿੱਧਾਂ, ਜੋਗੀਆਂ, ਨਾਥਾਂ ਦਾ ਵੀ ਨਾਥ ਹੋ ਜਾਂਦਾ ਹੈ, ਭਾਵ, ਉਹ ਸਭ ਤੋਂ ਸ੍ਰੇਸ਼ਟ ਜੋਗੀ ਬਣ ਜਾਂਦਾ ਹੈ, ਅਤੇ ਦਸਮ ਦੁਆਰ ਵਿਚ ਟਿਕ ਕੇ ਅਲੌਕਿਕ ਸੁਖ ਦਾ ਅਨੰਦ ਮਾਣਦਾ ਹੈ ।

ਉਨਮਨੀ ਉਚੀ ਆਤਮਕ ਅਵਸਥਾ ਦੇ ਤੁਫ਼ੈਲ, ਉਹ ਦਸਮ ਦੁਆਰ ਵਿਚ ਅਪੜ, ਅਨੰਦਿਤ ਹੋ ਜਾਂਦਾ ਹੈ, ਜਿਥੋਂ ਇਕ-ਰਸ ਨਾਮ-ਅੰਮ੍ਰਿਤ-ਧਾਰਾ ਝਰਦੀ ਹੈ, (ਉਹ ਉਸ ਅੰਮ੍ਰਿਤ-ਧਾਰਾ ਨੂੰ ਚੂੰਘਦਾ) ਸਹਿਜ-ਸਮਾਧੀ ਵਿਚ ਜੁੜ ਕੇ, ਗੁਰੂ ਦੇ ਸ਼ਬਦ ਵਿਚ ਪਰਚਦਾ ਹੈ ਅਤੇ ਮਾਇਕ ਸੰਸਾਰ ਤੋਂ ਅਟੰਕ ਹੋ ਜਾਂਦਾ ਹੈ ।੨੩ ੩੧।

ਦੁਬਿਧਾ ਨਿਵਾਰਿ ਅਬਰਨੁ ਹੁਇ ਬਰਨ ਬਿਖੈ,
ਪਾਂਚ ਪਰਪੰਚ ਨ ਦਰਸ ਅਦਰਸ ਹੈ ॥
ਪਰਮ ਪਾਰਸੁ ਗੁਰੁ ਪਰਸਿ ਪਾਰਸੁ ਭਏ,
ਕਨਿਕ ਅਨਿਕ ਧਾਤ ਆਪਾ ਅਪਰਸ ਹੈ ॥
ਨਵ ਦੁਆਰ ਪਾਰਿ ਬ੍ਰਹਮਾਸਨ ਸਿੰਘਾਸਨ ਮੈਂ,
ਨਿਝਰ ਝਰਨ ਰੁਚਿਤ ਨ ਅਨਰਸ ਹੈ ॥
ਗੁਰ ਸਿਖ ਸੰਧਿ ਮਿਲੇ ਬੀਸ ਇਕਈਸ ਈਸ,
ਅਨਹਦ ਗਦ ਗਦ ਅਭਰ ਭਰਸ ਹੈ ॥੨੪॥੩੨॥

**ਪਦ ਅਰਥ :** ਦੁਬਿਧਾ-ਦਵੈਤ, ਦੁਜੈਗੀ । ਨਿਵਾਰਿ-ਦੂਰ ਕਰ ਕੇ । ਅਬਰਨ ਹੁਇ ਬਰਨ ਬਿਖੈ-ਚਹੁੰ ਵਰਨ-ਜਾਤੀਆਂ ਦੇ ਭੇਦ-ਭਾਵ ਤੋਂ ਰਹਿਤ ਹੋ ਕੇ । ਪਾਂਚ-ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਪੰਜੇ ਵਿਕਾਰ । ਪਰਪੰਚ-ਛਲ, ਧੋਖਾ, ਅਡੰਬਰ । ਦਰਸ ਅਦਰਸ-ਦਰਸ਼ਨ-ਸ਼ਾਸਤ੍ਰਾਂ ਦੇ ਤਰਕ-ਜਾਲ ਤੋਂ ਮੁਕਤ । ਪਰਸਿ-ਛੁਹ ਕੇ । ਕਨਿਕ-ਸੋਨਾ । ਅਪਰਸ-ਨਿਰਲੇਪ । ਨਵ ਦੁਆਰ-ਸਰੀਰ ਦੇ ਨੌਂ ਦੁਆਰੇ-ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਮੁਖ, ਗੁਦਾ ਅਤੇ ਮੂਤ-ਦੁਆਰ । ਬ੍ਰਹਮਾਸਨ-ਬ੍ਰਹਮ ਦਾ ਨਿਵਾਸ ਅਸਥਾਨ, ਦਸਮ ਦੁਆਰਾ । ਸਿੰਘਾਸਨ-ਟਿਕਾਣਾ । ਨਿਝਰ ਝਰਨ-ਇਕ ਰਸ ਵਰਸਦਾ ਅੰਮ੍ਰਿਤ-ਰਸ । ਰੁਚਿਤ-ਰੁਚੀ, ਇਛਾ । ਸੰਧਿ-



www.AKJ.Org

ਮਿਲਾਪ। ਬੀਸ—ਵੀਹ ਵਿਸਵੇ, ਨਿਸਚੇ ਕਰ ਕੇ। ਇਕ-ਈਸ—ਵਾਹਿਗੁਰੂ। ਅਨਹਦ—ਇਕ-ਰਸ ਗੂੰਜਣ ਵਾਲੀ ਧੁਨੀ। ਗਦ ਗਦ—ਅਨੰਦਿਤ। ਅਭਰ—ਨਾ ਰਜਣ ਵਾਲਾ।

**ਅਰਥ** : (ਗੁਰਸਿਖ ਗੁਰ-ਸ਼ਬਦ ਦੀ ਅਤੁਟ ਕਮਾਈ ਦੇ ਤੁਫ਼ੈਲ) ਦਵੈਤ ਭਾਵ ਨੂੰ ਦੂਰ ਕਰ ਕੇ, ਚਹੁੰ-ਵਰਨ ਜਾਤੀਆਂ ਦੇ ਭੇਦ-ਭਾਵ ਤੋਂ ਮੁਕਤ ਹੋ ਜਾਂਦਾ ਹੈ, ਪੰਜਾਂ ਕਾਮ ਕ੍ਰੋਧ ਆਦਿਕ ਵਿਕਾਰਾਂ ਦੇ ਛਲ ਵਿਚ ਨਹੀਂ ਆਉਂਦਾ ਅਤੇ ਨਾ ਹੀ ਦਰਸ਼ਨ-ਸ਼ਾਸਤ੍ਰਾਂ ਦੇ ਤਰਕ-ਜਾਲ ਵਿਚ ਫਸਦਾ ਹੈ।

ਉਹ ਸਤਿਗੁਰੂ ਰੂਪੀ ਪਰਮ-ਪਾਰਸ ਨੂੰ ਛੁਹ ਕੇ ਪਾਰਸ ਹੋ ਜਾਂਦਾ ਹੈ। ਜਿਵੇਂ ਲੋਹਾ ਆਦਿ ਅਨੇਕ ਧਾਤਾਂ ਪਾਰਸ ਨਾਲ ਛੁਹ ਕੇ ਸੋਨਾ ਬਣ ਜਾਂਦੀਆਂ ਹਨ ਤਿਵੇਂ ਉਸ ਗੁਰਮੁਖ ਦਾ ਆਪਾ ਭੀ ਨਿਰਲੇਪ, ਨਿਰਮਲ ਹੋ ਜਾਂਦਾ ਹੈ।

ਸਰੀਰ ਦੇ ਨੌਂ ਦੁਆਰਿਆਂ ਨੂੰ ਟਪ ਕੇ, ਭਾਵ, ਸੁਰਤੀ ਨੂੰ ਬਾਹਰਲੇ ਵਿਸ਼ੇ-ਵਿਕਾਰਾਂ ਵਲੋਂ ਹਟਾ ਕੇ, ਉਹ ਦਸਮ ਦੁਆਰ ਵਿਚ ਜਾ ਟਿਕਦਾ ਹੈ। ਉਥੇ ਇਕ-ਰਸ ਵਰਸਦੇ ਨਾਮ-ਅੰਮ੍ਰਿਤ-ਰਸ ਦਾ ਅਨੰਦ ਮਾਣਦਾ ਹੈ ਅਤੇ ਹੋਰ ਰਸਾਂ ਕਸਾਂ ਦੀ ਉਸ ਨੂੰ ਰੁਚੀ ਨਹੀਂ ਰਹਿੰਦੀ।

ਗੁਰੂ ਅਤੇ ਸਿਖ ਦੇ ਮਿਲਾਪ ਹੋਣ ਤੇ ਨਿਸਚੇ ਜਾਣੋ ਕਿ ਉਹ ਗੁਰਸਿਖ ਇਕ-ਈਸ਼ਵਰ ਵਿਚ ਮਿਲ ਕੇ ਈਸ਼ਵਰ ਰੂਪ ਹੀ ਹੋ ਜਾਂਦਾ ਹੈ। (ਨਾਮ-ਅਭਿਆਸ ਦੀ ਅਤੁਟ ਕਮਾਈ ਦੇ ਤੁਫ਼ੈਲ) ਫਿਰ ਉਹ ਇਕ-ਰਸ ਵਜਣ ਵਾਲੀ ਨਾਮ-ਧੁਨੀ ਵਿਚ ਗਦ ਗਦ ਹੋਇਆ ਰਹਿੰਦਾ ਹੈ ਅਤੇ ਉਸ ਦਾ ਅਤ੍ਰਿਪਤ ਹਿਰਦਾ ਰਸ-ਲੀਨ ਹੋ ਕੇ ਤ੍ਰਿਪਤਾਸਿਆ ਜਾਂਦਾ ਹੈ।੨੪।੩੨।

ਚਰਨ ਕਮਲ ਭਜਿ ਕਮਲ ਪ੍ਰਗਾਸ ਭਏ,
ਦਰਸ ਦਰਸਿ ਸਮ-ਦਰਸ ਦਿਖਾਏ ਹੈਂ॥
ਸਬਦ ਸੁਰਤਿ ਅਨਹਦ ਲਿਵ ਲੀਨ ਭਏ,
ਉਨਮਨਿ ਮਗਨ ਗਗਨ ਪੁਰ ਛਾਏ ਹੈਂ॥
ਪ੍ਰੇਮ ਰਸ ਬਸਿ ਹੋਇ ਬਿਸਮ ਬਿਦੇਹ ਭਏ,
ਅਤਿ ਅਸਚਰਜ ਮੈ ਹੇਰਤ ਹਿਰਾਏ ਹੈਂ॥
ਗੁਰਮੁਖਿ ਸੁਖ ਫਲ ਮਹਿਮਾ ਅਗਾਧ ਬੋਧ,
ਅਕਥ ਕਥਾ ਬਿਨੋਦ, ਕਹਿਤ ਨ ਆਏ ਹੈਂ॥੨੫॥੩੩॥

**ਪਦ ਅਰਥ** : ਭਜਿ—ਸ਼ਰਨ ਲੈਣ ਨਾਲ। ਕਮਲ—ਹਿਰਦੇ ਦਾ ਕਮਲ। ਪ੍ਰਗਾਸ ਭਏ—ਖਿੜਦਾ ਹੈ। ਦਰਸ—ਸਤਿਗੁਰੂ ਦਾ ਦਰਸ਼ਨ। ਦਰਸਿ—ਦੇਖ ਕੇ। ਸਮ ਦਰਸ—ਸਮ ਦ੍ਰਿਸ਼ਟੀ। ਸਬਦ ਅਨਹਦ—ਇਕ-ਟੱਕ ਗੁਰ-ਸ਼ਬਦ ਦੀ ਧੁਨੀ। ਲਿਵ ਲੀਨ ਭਏ—(ਸੁਰਤਿ) ਜੁੜ ਜਾਂਦੀ ਹੈ। ਉਨਮਨਿ—ਉਚੀ ਆਤਮਕ ਬਿਵਸਥਾ। ਮਗਨ—ਅਨੰਦ ਮਾਣਨਾ। ਗਗਨ ਪੁਰ—ਦਸਮ ਦੁਆਰ। ਬਸਿ—ਅਧੀਨ ਹੋ ਕੇ। ਬਿਸਮ—ਅਸਚਰਜ ਰੰਗ। ਬਿਦੇਹ—ਸਰੀਰ ਦੀ ਸੁਧ ਬੁਧ ਨਾ ਰਹਿਣੀ, ਆਪਾ ਭੁਲ ਜਾਣਾ। ਅਸਚਰਜ ਮੈ—ਅਸਚਰਜ ਰੂਪ। ਹੇਰਤ—ਵੇਖ ਕੇ। ਹਿਰਾਏ—ਹੈਰਾਨ। ਸੁਖ ਫਲ—ਆਤਮ-ਅਨੰਦ ਅਵਸਥਾ ਦਾ ਸੁਆਦ। ਅਗਾਧ—ਜਿਸ ਦੀ ਥਾਹ ਨਾ ਪਾਈ ਜਾ ਸਕੇ। ਬੋਧ—ਗਿਆਨ, ਸਮਝ। ਅਕਥ—ਨਾ ਦਸੀ ਜਾ ਸਕਣ ਵਾਲੀ। ਬਿਨੋਦ—ਕੌਤਕ, ਅਨੰਦ।

**ਅਰਥ** : (ਸਤਿਗੁਰੂ ਦੇ ਸਨਮੁਖ ਰਹਿਣ ਵਾਲੇ ਗੁਰਸਿਖ ਦੀ ਅਨੰਦ-ਅਵਸਥਾ ਦਾ ਬਿਆਨ ਹੈ) ਸਤਿਗੁਰੂ ਦੇ ਕਮਲ ਵਰਗੇ ਚਰਨਾਂ ਦੀ ਸ਼ਰਨ ਪੈਣ ਨਾਲ ਉਸ ਗੁਰਮੁਖ ਦਾ ਹਿਰਦਾ-ਕਮਲ, ਕੌਲ-ਫੁਲ ਵਾਂਗ ਖਿੜ ਜਾਂਦਾ ਹੈ ਅਤੇ ਸਤਿਗੁਰੂ ਦੇ ਦਰਸ਼ਨ ਨੂੰ ਦੇਖ ਕੇ ਸਮ-ਦ੍ਰਿਸ਼ਟੀ ਵਾਲੀ ਸੁਰਤ ਹੋ ਜਾਂਦੀ ਹੈ, ਭਾਵ, ਉਹ ਸਭ ਨੂੰ ਇਕ-ਸਮਾਨ ਦ੍ਰਿਸ਼ਟੀ ਨਾਲ ਵੇਖਦਾ ਹੈ, ਉਸ ਦੇ ਅੰਦਰ ਕਿਸੇ ਲਈ ਵੈਰ-ਭਾਵਨਾ ਨਹੀਂ ਰਹਿੰਦੀ।

ਉਸ ਗੁਰਮੁਖ ਦੀ ਅਨਹਦ ਸ਼ਬਦ ਵਿਚ ਸੁਰਤ ਜੁੜ ਜਾਂਦੀ ਹੈ ਅਤੇ ਇਸ ਉਚੀ ਆਤਮ-ਅਵਸਥਾ



www.AKJ.Org

ਦਾ ਅਨੰਦ ਮਾਣਦਿਆਂ ਉਹ ਦਸਮ ਦੁਆਰ ਵਿਚ ਜਾ ਟਿਕਦਾ ਹੈ।

(ਨਾਮ-ਅਭਿਆਸ ਦੇ ਤੁਫ਼ੈਲ) ਉਹ ਪ੍ਰੇਮ-ਰਸ ਦੇ ਅਧੀਨ ਹੋ ਕੇ, ਭਾਵ ਉਸ ਦੇ ਅੰਦਰ ਪ੍ਰੇਮ-ਰਸ ਦਾ ਨਿਵਾਸ ਹੋ ਜਾਣ ਕਰਕੇ, ਉਹ ਬਿਸਮਾਦ ਰੰਗਾਂ ਵਿਚ ਖੇਡਦਾ ਹੈ ਅਤੇ ਦੇਹੋਂ ਬਿਦੇਹ ਹੋ ਜਾਂਦਾ ਹੈ, ਭਾਵ, ਆਪਾ ਭੁਲ ਜਾਂਦਾ ਹੈ। ਇਹ ਅਵਸਥਾ ਬਹੁਤ ਹੀ ਅਸਚਰਜਤਾ ਭਰੀ ਹੈ, ਜਿਸ ਨੂੰ ਵੇਖ ਕੇ (ਹਰ ਕੋਈ) ਹੈਰਾਨ ਹੁੰਦਾ ਹੈ।

ਗੁਰੂ ਦੇ ਸਨਮੁਖ ਗੁਰਸਿਖ ਦੀ ਆਤਮ-ਅਨੰਦ-ਅਵਸਥਾ ਦੇ ਸੁਆਦ ਦੀ ਮਹਿਮਾ ਦੀ ਕਈ ਥਾਹ ਨਹੀਂ, ਸਮਝ-ਸੋਝੀ ਤੋਂ ਪਰੇ ਹੈ। ਬਸ, ਉਸ ਦੇ ਇਸ ਅਨੰਦ (ਕੌਤਕ) ਦੀ ਕਥਾ ਕਥਨ ਤੋਂ ਬਾਹਰੀ ਹੈ, ਉਹ ਕਹਿਣ ਵਿਚ ਨਹੀਂ ਆ ਸਕਦੀ ।੨੫।੩੩।

ਦੁਰਮਤਿ ਮੇਟਿ ਗੁਰਮਤਿ ਹਿਰਦੈ ਪ੍ਰਗਾਸੀ,
ਖੋਇ ਕੈ ਅਗਿਆਨੁ ਜਾਨੇ ਬ੍ਰਹਮ ਗਿਆਨੇ ਹੈਂ॥
ਦਰਸ ਧਯਾਨਿ ਅਨ ਧਯਾਨ ਬਿਸਿਮਰਨ ਕੈ,
ਸਬਦ ਸੁਰਤਿ ਮੋਨਿ ਬ੍ਰਤੁ ਪਰਵਾਨੇ ਹੈਂ॥
ਪ੍ਰੇਮ ਰਸ ਰਸਿਕ ਅਨ-ਰਸ ਰਹਿਤ ਹ੍ਵੈ,
ਜੋਤੀ ਮਹਿ ਜੋਤਿ ਸਰੂਪ, ਸੋਹੰ ਸੁਰ ਤਾਨੇ ਹੈਂ॥
ਗੁਰ ਸਿਖ ਸੰਧਿ ਮਿਲੇ ਬੀਸ ਇਕ ਈਸ ਈਸ,
ਪੂਰਨ ਬਿਬਕ ਟੇਕ ਏਕ ਹੀਏ ਆਨੇ ਹੈਂ ॥੨੬॥੩੪॥

**ਪਦ ਅਰਥ :** ਦੁਰਮਤਿ—ਖੋਟੀ ਮਤਿ । ਪ੍ਰਗਾਸੀ—ਪ੍ਰਗਟ ਹੋਈ। ਬ੍ਰਹਮ ਗਿਆਨ—ਪ੍ਰਭੂ-ਮਿਲਾਪ ਦੀ ਸੋਝੀ। ਧਯਾਨਿ—ਧਿਆਨ ਕਰਕੇ। ਅਨ ਧਯਾਨ—ਹੋਰ ਦੁਨਿਆਵੀ ਧਿਆਨ । ਬਿਸਿਮਰਨ ਕੈ—ਭੁਲਾ ਕੇ। ਮੋਨਿ ਬ੍ਰਤੁ—ਚੁਪ ਧਾਰਨ ਕਰਨਾ। ਹ੍ਵੈ—ਹੋ ਕੇ, ਹੋਇਆਂ । ਅਨ ਰਸ—ਹੋਰ ਰਸ । ਜੋਤੀ ਮਹਿ—ਜੋਤੀ ਸਰੂਪ ਵਾਹਿਗੁਰੂ ਵਿਚ। ਸੋਹੰ—(ਮੈਂ ਉਹ ਹਾਂ) ਮੈਂ ਤੇ ਉਹ ਇਕ ਹਾਂ, ਪ੍ਰਭੂ ਨਾਲ ਇਕ-ਮਿਕ ਹੋਣਾ। ਸੁਰ ਤਾਨੇ ਹੈਂ—ਅਲਾਪ ਅਲਾਪਦਾ ਹੈ, ਜਪਦਾ ਹੈ। ਸੰਧਿ—ਸੰਧੀ, ਮਿਲਾਪ । ਬੀਸ—ਵੀਹ ਵਿਸਵੇ, ਨਿਸਚੇ ਕਰ ਕੇ । ਇਕ ਈਸ—ਇਕ ਈਸ਼ਵਰ। ਬਿਬੇਕ—ਗਿਆਨ। ਹੀਏ—ਹਿਰਦੇ ਵਿਚ।

**ਅਰਥ :** (ਜਦੋਂ ਗੁਰੂ ਨੂੰ ਮਿਲ ਕੇ, ਗੁਰ-ਉਪਦੇਸ਼ ਦੀ ਅਤੁਟ ਕਮਾਈ ਗੁਰਸਿਖ ਕਰਦਾ ਹੈ ਤਾਂ)—ਉਸ ਦੇ ਅੰਦਰੋਂ ਖੋਟੀ ਮਤਿ ਦੂਰ ਹੋ ਕੇ ਗੁਰੂ ਦੀ ਮਤਿ ਪ੍ਰਗਟ ਹੋ ਜਾਂਦੀ ਹੈ ਅਤੇ ਉਹ ਅਗਿਆਨ ਨੂੰ ਗੁਆ ਕੇ ਪ੍ਰਭੂ-ਗਿਆਨ ਨੂੰ ਜਾਣ ਲੈਂਦਾ ਹੈ। ਭਾਵ, ਪਹਿਲਾਂ ਅਗਿਆਨਤਾ ਕਾਰਨ ਉਹ ਪ੍ਰਭੂ ਨੂੰ ਭੁਲਿਆ ਹੋਇਆ ਸੀ, ਹੁਣ ਪ੍ਰਭੂ ਨਾਲ ਇਕ-ਮਿਕ ਹੋਣ ਦੀ ਸੋਝੀ ਹੋ ਆਉਂਦੀ ਹੈ।

ਸਤਿਗੁਰੂ ਦੇ ਦਰਸ਼ਨ ਦੇ ਗਿਆਨ ਕਾਰਨ ਹੋਰ ਸਭ ਦੁਨਿਆਵੀ ਧਿਆਨ ਵਿਸਾਰ ਕੇ ਉਹ ਸ਼ਬਦ ਸੁਰਤ ਨਾਲ ਪਰਚਾ ਪਾਂਦਾ ਹੈ ਅਤੇ ਹੋਰ ਸਭ ਤਰ੍ਹਾਂ ਦੀਆਂ ਬ੍ਰਿਤੀਆਂ ਵਲੋਂ ਮੋਨ-ਬ੍ਰਤ ਸਾਧ ਲੈਂਦਾ ਹੈ, ਚੁਪ ਧਾਰਨ ਕਰ ਲੈਂਦਾ ਹੈ।

ਪ੍ਰੇਮ ਰਸ ਦਾ ਰਸੀਆ ਹੋ ਕੇ ਅਤੇ ਹੋਰ ਰਸਾਂ ਕਸਾਂ ਨੂੰ ਛਡ ਕੇ, ਜੋਤੀ ਸਰੂਪ ਵਾਹਿਗੁਰੂ ਵਿਚ ਆਪਣੀ ਜੋਤਿ ਮਿਲਾ ਕੇ, ਅਤੇ ਉਸ ਨਾਲ ਇਕ-ਮਿਕ ਹੋ ਕੇ, ਉਸ ਪ੍ਰਭੂ ਦੇ ਜਾਪ ਦੀ ਲਗਾਤਰੀ ਰਟ ਲਾਈ ਰਖਦਾ ਹੈ।

ਸਤਿਗੁਰੂ ਅਤੇ ਗੁਰਸਿਖ ਦਾ ਮੇਲ ਹੋ ਜਾਣ ਤੇ, ਨਿਸਚੇ ਜਾਣੋ ਕਿ ਉਹ ਗੁਰਸਿਖ ਇਕ ਈਸ਼ਵਰ ਵਿਚ ਮਿਲ ਕੇ ਈਸ਼ਵਰ ਦਾ ਰੂਪ ਹੀ ਹੋ ਜਾਂਦਾ ਹੈ ਅਤੇ ਪ੍ਰਭੂ-ਗਿਆਨ ਦੀ ਇਕੋ ਇਕ ਟੇਕ ਉਸ ਦੇ ਹਿਰਦੇ ਵਿਚ ਆ ਵਸਦੀ ਹੈ। ਭਾਵ, ਹੋਰ ਸਭ ਪਾਸਿਆਂ ਤੋਂ ਉਸ ਦੀ ਸੁਰਤ ਹਟ ਕੇ, ਪ੍ਰਭੂ-ਸਿਮਰਨ ਹੀ ਉਸ ਦਾ ਆਧਾਰ ਬਣ ਜਾਂਦਾ ਹੈ ।੨੬।੩੪।



www.AKJ.Org

# ਗੁਰਸਿੱਖਾਂ ਵਾਸਤੇ ਦਸਤਾਰ ਜ਼ਰੂਰੀ ਕਿਉਂ ?

]ਪ੍ਰੋਫੈਸਰ ਹਰਬੰਸ ਸਿੰਘ ਜੀ, ਲੁਧਿਆਣਾ]

ਕਿਉਂਕਿ–

(੧) **ਦਸਤਾਰ** ਸਿਰ ਦੇ ਵਾਲਾਂ (ਕੇਸਾਂ) ਨੂੰ ਮਿੱਟੀ ਘੱਟੇ ਤੋਂ ਬਚਾਉਂਦੀ ਹੈ। (ਰਾਹਾਂ, ਸੜਕਾਂ, ਗਲੀਆਂ ਦੀ ਮਿੱਟੀ ਅਤੇ ਕੂੜਾ ਕਰਕਟ ਪਸ਼ੂਆਂ ਦੇ ਮਲ ਮੂਤਰ ਨਾਲ ਲੱਥ ਪੱਥ ਹੋਇਆ ਹੁੰਦਾ ਹੈ। ਜਦੋਂ ਹਵਾ ਦਾ ਬੁੱਲਾ ਆਉਂਦਾ ਹੈ ਤਾਂ ਇਹ ਉਡ ਕੇ ਨੰਗੇ ਸਿਰ ਕੇਸਾਂ ਵਿਚ ਪੈਂਦਾ ਰਹਿੰਦਾ ਹੈ, ਜਿਸ ਕਾਰਨ ਕੇਸ ਅਪਵਿੱਤਰ ਹੋ ਜਾਂਦੇ ਹਨ ਅਤੇ ਗੰਦਗੀ ਦਾ ਢੇਰ ਬਣ ਜਾਣ ਬਦਬੂ ਮਾਰਨ ਲੱਗ ਜਾਂਦੇ ਹਨ)।

(੨) **ਦਸਤਾਰ** ਕੇਸਾਂ ਨੂੰ ਪਵਿੱਤਰ ਰੱਖਣ ਵਿਚ ਸਹਾਈ ਹੈ। (ਅੰਮ੍ਰਿਤ ਛਕਾਉਣ ਸਮੇਂ ਗੁਰਸਿੱਖਾਂ ਦੇ ਸਿਰ ਵਿਚ ਪੰਜ ਚੂਲੇ ਅੰਮ੍ਰਿਤ ਦੇ ਪਾਏ ਜਾਂਦੇ ਹਨ, ਤਾਂ ਜੁ ਸਾਡੀ ਬੁੱਧ ਮਨਮੁਖਤਾਈ ਤੋਂ ਗੁਰਮੁਖਤਾਈ ਵਾਲੀ ਹੋ ਜਾਵੇ। ਜੇ ਅਸੀਂ ਸਿਰ ਤੇ ਦਸਤਾਰ ਨਹੀਂ ਸਜਾਵਾਂਗੇ ਤਾਂ ਅਸੀਂ ਸੀਸ ਵਿਚ ਪਏ ਅੰਮ੍ਰਿਤ ਨੂੰ ਨਸ਼ਟ ਕਰਨ ਦੀ ਅਵੱਗਿਆ ਕਰ ਬੈਠਾਂਗੇ)।

(੩) **ਦਸਤਾਰ** ਸੀਸ ਵਿਚ "ਦਸਮ ਦੁਆਰ" ਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਿਚ ਸਹਾਈ ਹੁੰਦੀ ਹੈ। (ਦਸਮ ਦੁਆਰ ਨੂੰ ਪਰਮ-ਪੁਰਖ ਦੀ ਘਾਟੀ ਕਿਹਾ ਗਿਆ ਹੈ, ਇਥੇ ਅੰਮ੍ਰਿਤ ਦਾ ਕੁੰਡ ਹੈ। ਅਜਿਹੇ ਪਵਿੱਤਰ ਅਸਥਾਨ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣਾ ਹਰ ਗੁਰਸਿੱਖ ਦਾ ਪਹਿਲਾ ਫ਼ਰਜ਼ ਹੈ)।

(੪) **ਦਸਤਾਰ** ਕੇਸਾਂ ਦੀ ਪਵਿੱਤਰਤਾ ਕਾਇਮ ਰੱਖਣ ਵਾਸਤੇ ਢੁਕਵਾਂ ਪਹਿਰਾਵਾ ਹੈ। (ਚੁੰਨੀ ਨਾਲ ਕੇਸ ਬਾਕਾਇਦਾ ਹਰ ਵੇਲੇ ਢੱਕੇ ਨਹੀਂ ਰਹਿ ਸਕਦੇ। ਕੰਮ ਕਾਰ ਕਰਦਿਆਂ, ਨੱਸਦਿਆਂ ਭੱਜਦਿਆਂ, ਖੇਡਦਿਆਂ ਕੁੱਦਦਿਆਂ ਚੁੰਨੀ ਉਡ ਪੁਡ ਜਾਂਦੀ ਹੈ ਅਤੇ ਅਟਕਾਂ ਪੈਦਾ ਕਰਦੀ ਹੈ। ਅਜਿਹੀ ਕਿਰਿਆ ਵਿਚ ਛੋਟੀ ਦਸਤਾਰ (ਕੇਸਕੀ) ਸਿਰ ਦੇ ਵਾਲਾਂ ਦੀ ਪੂਰੀ ਹਿਫ਼ਾਜ਼ਤ ਰੱਖਦੀ ਹੈ)।

(੫) **ਦਸਤਾਰ** ਕੰਘੇ ਨੂੰ ਕੇਸਾਂ ਦੇ ਨਾਲ ਸੰਭਾਲੀ ਰੱਖਣ ਵਿਚ ਸਹਾਇਤਾ ਦਿੰਦੀ ਹੈ। (ਦਸਤਾਰ ਬਿਨਾਂ ਕੰਘੇ ਦਾ ਕੇਸਾਂ ਵਿਚ ਟਿਕਣਾ ਮੁਸ਼ਕਲ ਹੈ)।

(੬) **ਦਸਤਾਰ** ਸਿਰ ਨੂੰ ਸੱਟ ਚੋਟ ਤੋਂ ਬਚਾਉਂਦੀ ਹੈ।

(੭) **ਦਸਤਾਰ** ਸਿਰ ਨੂੰ ਸੂਰਜ ਦੀ ਤਪਸ਼ ਅਥਵਾ ਧੱਕੇ (ਸਨ-ਸਟਰੋਕ *Sun-Stroke*) ਤੋਂ ਬਚਾਉਂਦੀ ਹੈ।

(੮) **ਦਸਤਾਰ** ਸਿਰ ਨੂੰ ਠੰਢ ਤੋਂ ਬਚਾਉਂਦੀ ਹੈ।

(੯) **ਦਸਤਾਰ** ਸਦਕਾ ਕੇਸ ਝੜਨੋਂ ਬਚੇ ਰਹਿੰਦੇ ਹਨ। (ਖੁੱਲ੍ਹੇ ਵਾਲਾਂ ਕਾਰਨ ਕੇਸ ਟੁੱਟ ਭੱਜ ਕੇ ਰੋਟੀ ਟੁੱਕ ਕਰਦਿਆਂ ਦਾਲ, ਰੋਟੀ ਆਦਿ ਵਿਚ ਡਿੱਗਦੇ ਰਹਿੰਦੇ ਹਨ, ਜਿਹੜੇ ਭੋਜਨ ਨੂੰ ਭ੍ਰਿਸ਼ਟ ਕਰ ਦਿੰਦੇ ਹਨ)।

(੧੦) ਸਾਡੇ ਸ੍ਰੀਰ ਦੇ ਕੰਟਰੋਲ-ਰੂਮ (*Control-Room*) ਅਥਵਾ ਸੋਚ-ਕੇਂਦਰ (*Brain* ਦਿਮਾਗ) ਵਾਸਤੇ ਹਿਫ਼ਾਜ਼ਤੀ ਪਹਿਰਾਵਾ ਹੈ।

(੧੧) **ਦਸਤਾਰ** ਸਿਰ ਅਤੇ ਬਾਹਰੀ ਧੱਕੇ (ਸੱਟ ਚੋਟ, ਭਾਰ ਆਦਿ) ਵਿਚਕਾਰ ਗਦੇਲੇਦਾਰ ਰੋਕ (*Buffer*) ਦਾ ਕੰਮ ਦਿੰਦੀ ਹੈ।

(੧੨) **ਦਸਤਾਰ** ਸਿਰ ਦਾ ਤਾਜ ਹੈ, ਜਿਸ ਤੋਂ ਸਾਡੀ ਸਰਦਾਰੀ ਪ੍ਰਗਟ ਹੁੰਦੀ ਹੈ।

(੧੩) **ਦਸਤਾਰ** ਸਾਡੇ "ਖਾਸ ਰੂਪ" ਨੂੰ ਦਰਸਾਉਂਦੀ ਹੈ ਅਤੇ ਇਸ ਸਦਕਾ ਅਸੀਂ "ਖਾਲਸਾ ਮੇਰੋ ਰੂਪ ਹੈ ਖਾਸ" ਦੀ ਕਤਾਰ ਵਿਚ ਸਾਮਲ ਹੁੰਦੇ ਹਾਂ।

(੧੪) **ਦਸਤਾਰ** ਗੁਰਸਿੱਖਾਂ ਵਾਸਤੇ ਗੁਰੂ ਵਲੋਂ "ਸਿਰੋਪਾ" ਹੈ।



www.AKJ.Org

(੧੫) **ਦਸਤਾਰ** ਗੁਰਸਿੱਖਾਂ ਦੇ ਨਿਆਰੇਪਣ ਦੀ ਨਿਸ਼ਾਨੀ ਹੈ।

(੧੬) **ਦਸਤਾਰ** ਸਜਾਉਣੀ ਗੁਰੂ ਦਾ ਹੁਕਮ ਹੈ। (ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਂਧਈ")।

(੧੭) **ਦਸਤਾਰ** ਰੋਮਾਂ ਦੀ ਬੇਅਦਬੀ ਕਰਨ ਤੋਂ ਰੋਕ ਪਾਉਂਦੀ ਹੈ। (ਜਿਹੜੇ ਗੁਰਸਿੱਖ ਵੀਰ ਭੈਣਾਂ ਦਸਤਾਰ ਦੀ ਮਹਾਨਤਾ ਦੀ ਪ੍ਰਵਾਹ ਨਹੀਂ ਕਰਦੇ, ਉਹ ਭਰਵੱਟੇ ਤੇ ਕੇਸ ਆਦਿ ਕੱਟ ਕੇ ਬੱਜਰ ਕੁਰਹਿਤੀ ਕਰ ਬੈਠਦੇ ਹਨ,ਜਿਸ ਕਾਰਨ ਉਹ ਪਤਿਤ ਹੋ ਜਾਂਦੇ ਹਨ ਅਤੇ ਉਨ੍ਹਾਂ ਦਾ ਗੁਰੂ ਨਾਲੋਂ ਰਿਸ਼ਤਾ ਟੁੱਟ ਜਾਂਦਾ ਹੈ)।

(੧੮) **ਦਸਤਾਰ** ਸਦਕਾ ਅਸੀਂ ਅਪਰਾਧੀ (ਤਨਖ਼ਾਹੀ) ਬਣਨੋਂ ਬਚ ਜਾਂਦੇ ਹਾਂ।
(ਨਗਨ ਹੋਇ ਬਾਹਰ ਫਿਰੈ,ਨਗਨ ਸੀਸ ਜੋ ਖਾਇ॥ ਨਗਨ ਪ੍ਰਸਾਦਿ ਜੋ ਬਾਂਟਈ,ਤਨਖਾਹੀ ਬਡੋ ਕਹਾਇ॥

(੧੯) **ਦਸਤਾਰ** ਬਿਸਤਰੇ ਦੀਆਂ ਚਾਦਰਾਂ, ਸਰਹਾਣੇ, ਰਜਾਈ, ਕੰਬਲ ਆਦਿ ਨੂੰ ਵਾਲਾਂ ਦੀ ਬਿੰਦਿਆਈ ਤੋਂ ਬਚਾ ਕੇ ਰੱਖਦੀ ਹੈ। [ਸਿਰ ਤੇ ਹਰ ਵੇਲੇ ਦੀ ਛੋਟੀ ਦਸਤਾਰ (ਕੇਸਕੀ) ਬਿਸਤਰੇ ਤੇ ਸੌਣ ਵੇਲੇ ਜਿੱਥੇ ਬਿਸਤਰੇ ਨੂੰ ਸਾਫ਼ ਸੁਥਰਾ ਰੱਖਣ ਵਿਚ ਸਹਾਈ ਹੁੰਦੀ ਹੈ ਉੱਥੇ ਵੱਡੀ ਦਸਤਾਰ ਨੂੰ ਵੀ ਕੇਸਾਂ ਦੀ ਬਿੰਧਿਆਈ ਤੋਂ ਬਚਾਉਂਦੀ ਹੈ]।

(੨੦) **ਦਸਤਾਰ** ਛਦਕ ਗਹਿਣਿਆਂ ਤੋਂ ਛੁਟਕਾਰਾ ਦਿਵਾਉਂਦੀ ਹੈ, ਜਿਸ ਕਾਰਨ ਸਾਡੇ ਤੇ ਗਹਿਣਿਆਂ ਦਾ ਫ਼ਾਲਤੂ ਖਰਚ ਘਟ ਜਾਂਦਾ ਹੈ ਅਤੇ ਸਾਡੇ ਵਿਆਹ ਸ਼ਾਦੀਆਂ ਬੋਝਲ ਨਹੀਂ ਬਣਦੀਆਂ।

(੨੧) **ਦਸਤਾਰ** ਸਾਬਤ ਸੂਰਤ ਰੱਖਣ ਵਿਚ ਸਹਾਈ ਹੁੰਦੀ ਹੈ। ਪ੍ਰਚੱਲਤ ਹੈ 'ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ।

**ਨੋਟ** :—ਮਨੁੱਖੀ ਪਿੰਡ (ਸ਼ਰੀਰ) ਵਿਚ ਸੀਸ (ਸਿਰ) ਦਾ ਸਭ ਤੋਂ ਉੱਚਾ ਅਸਥਾਨ, ਹੈ ਪਰ ਬੇਸਮਝ ਲੋਕ ਨੰਗੇ ਸਿਰ ਹੀ ਤੁਰੇ ਫਿਰਦੇ ਹਨ। ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੀਆਂ ਬੀਬੀਆਂ ਅੱਜ ਕੱਲ੍ਹ ਵਧੇਰੇ ਕਰਕੇ ਨੰਗੇ ਸਿਰ ਹੀ ਸੜਕਾਂ ਬਾਜ਼ਾਰਾਂ ਵਿਚ ਤੁਰਦੀਆਂ ਫਿਰਦੀਆਂ ਨਜ਼ਰ ਆਉਂਦੀਆਂ ਹਨ। ਗਲੀਆਂ ਬਾਜ਼ਾਰਾਂ ਦੀ ਖੇਹ ਸੁਆਹ ਉੱਡ ਉੱਡ ਉਨ੍ਹਾਂ ਦੇ ਸਿਰਾਂ ਵਿਚ ਪੈਂਦੀ ਰਹਿੰਦੀ ਹੈ, ਜਿਵੇਂ ਕਿ ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ—

ਉਡਿ ਉਡਿ ਰਾਵਾ ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥

ਕਿੰਨਾ ਚੰਗਾ ਹੋਵੇ ਜੇ ਸਾਰੀਆਂ ਸਿੱਖ ਬੀਬੀਆਂ ਦਸਤਾਰ ਦੇ ਪਹਿਰਾਵੇ ਨੂੰ ਅਪਣਾਅ ਕੇ **"ਸਾਬਤ ਸੂਰਤਿ ਦਸਤਾਰ ਸਿਰਾ"** ਦੇ ਗੁਰ-ਹੁਕਮ ਤੇ ਪਹਿਰਾ ਦੇਣ, ਆਪਣੇ ਸੀਸ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

---

[੪੦ ਸਫ਼ੇ ਦੀ ਬਾਕੀ]

ਸ਼ਬਦ ਤੇ ਪਹਿਰਾ ਦੇਣ ਵਾਲੇ ਕਈ ਖੜੇ ਹਨ। ਦੋਹਾਂ ਜਹਾਨਾਂ ਵਿਚ, ਉਨ੍ਹਾਂ ਦੇ ਬਚਨਾਂ ਤੇ ਟੁਰ ਕੇ ਕਾਮਯਾਬੀ ਮਿਲਦੀ ਹੈ। ਉਸ ਦੀ ਮਿਹਰ ਹੋ ਜਾਏ ਤਾਂ ਜ਼ੱਰਾ ਵੀ ਸੂਰਜ ਬਣ ਜਾਂਦਾ ਹੈ।

ਉਨ੍ਹਾਂ ਦਾ ਨਾਮ ਲਿਆਂ ਹੀ ਰੱਖਿਆ ਮਿਲ ਜਾਂਦੀ ਹੈ ਅਤੇ ਨਿਆਮਤਾਂ ਘਰ ਆ ਜਾਂਦੀਆਂ ਹਨ।

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖਿ ਜਾਇ।

ਕਿਤਨੀ ਦ੍ਰਿੜ੍ਹਤਾ ਦਰਸਾਈ, ਇਸ ਦਾ ਅੰਦਾਜ਼ਾ ਹੀ ਨਹੀਂ ਲਗਾਇਆ ਜਾ ਸਕਦਾ। ਸ਼ਾਹਾਂ ਦੇ ਅਤਾਬ ਤੋਂ ਨਹੀਂ ਡਰੇ ਤੇ ਸੁਲਤਾਨੀ ਰੋਅਬ ਸੁੱਟ ਹੂੰਝ ਦਿੱਤਾ। ਜੋ ਹੁਕਮਰਾਨਾਂ ਦੇ ਚੱਕਰ ਕਟਦੇ ਨਹੀਂ ਥੱਕਦੇ ਉਨ੍ਹਾਂ ਤੇ ਪ੍ਰਗਟ ਕਰ ਦਿੱਤਾ ਕਿ ਇਹ ਕੋਈ ਵਡਿਆਈ ਨਹੀਂ ਕਿ ਬਾਦਸ਼ਾਹ, ਨਵਾਬ, ਵਜ਼ੀਰ ਜਾਂ ਅਹਿਲਕਾਰ ਕਰਮਚਾਰੀ ਨੂੰ ਤੁਸੀਂ ਮਿਲੇ ਹੋ। ਖ਼ੁਸ਼ਾਮਦਾਂ ਵਿਚੋਂ ਕੱਢਿਆ। ਠੀਕ ਲਿਖਿਆ ਹੈ ਸੂਰਜ ਪ੍ਰਕਾਸ਼ ਨੇ ਕਿ ਉਨ੍ਹਾਂ ਦੇ ਜੋਤੀ ਜੋਤਿ ਸਮਾਉਣ ਵੇਲੇ ਜਿਥੇ ਹੋਰ ਗੁਣ ਸਾਰੇ ਗਾਇਣ ਕਰ ਰਹੇ ਸਨ, ਉਥੇ ਇਕ ਇਹ ਵੀ ਕਹਿ ਰਹੇ ਸਨ :

ਪ੍ਰਣ ਨਿਬਾਹਿਆ, ਪ੍ਰਾਣ ਦਿੱਤੇ, ਪਰ ਸ਼ਾਹ ਨੂੰ ਮੂੰਹ ਨਹੀਂ ਲਗਾਇਆ।



www.AKJ.Org

# ਪੰਜਾਬ ਮਸਲਾ—ਬਨਾਮ ਸਿੱਖ ਮਸਲਾ

[ਭਾਈ ਈਸ਼ਰ ਸਿੰਘ ਜੀ, ਟੋਡਰਪੁਰ]

ਇਹ ਲੇਖ ਦਾਸ ਨੂੰ ਵਾਚਣ ਲਈ ਦਿਤਾ ਗਿਆ ਹੈ। ਲੇਖਕ ਦੇ ਜਜ਼ਬਾਤ ਸਲਾਹੁਣ ਜੋਗ ਹਨ। ਜਿਥੋਂ ਤਕ ਮੇਰੇ ਪਹਿਲੇ ਲੇਖ ਵਿਚ ਅੰਕਤ ਸਵਾਲਾਂ ਦਾ ਸੰਬੰਧ ਹੈ, ਉਸ ਦੇ ਸਪੱਸ਼ਟ ਜਵਾਬ ਇਸ ਪ੍ਰਕਾਰ ਹਨ—

(i) ਮਸਲਾ ਵਿਗਾੜਿਆ ਹੈ ਕੁਟਲ ਅਤੇ ਖ਼ੁਦਗਰਜ਼ ਸਿਆਸੀ ਤੇ ਅਖੌਤੀ ਧਾਰਮਕ ਮੁਖੀਆਂ ਨੇ।

(ii) ਸ੍ਰੀ ਅਕਾਲ ਤਖ਼ਤ ਸਾਹਿਬ ਸਰਬੋਤਮ ਸੰਸਥਾ ਹੈ। ਇਸ ਦਾ ਜਥੇਦਾਰ ਸਰਕਾਰੀ ਕਾਨੂੰਨ ਅਧੀਨ ਬਣੀ ਕਿਸੇ ਸੰਸਥਾ ਵਲੋਂ ਨਹੀਂ, ਸਗੋਂ ਸਮੁੱਚੀ ਸਿੱਖ ਕੌਮ ਵਲੋਂ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਪੱਛਮ ਵਿਚ ਲਾਟ ਪਾਦਰੀ ਚੁਣਿਆ ਜਾਂਦਾ ਹੈ।

(iii) ਸਿੱਖ ਮਸਲਾ ਅੱਜ ਹੱਲ ਹੋ ਸਕਦਾ ਹੈ ਜੇ ਇਸ ਨੂੰ ਕੁਟਲ ਤੇ ਖ਼ੁਦਗਰਜ਼ ਸਿਆਸੀ ਲੀਡਰਾਂ ਦੇ ਚੁੰਗਲ ਚੋਂ ਕੱਢ ਲਿਆ ਜਾਵੇ, ਅਥਵਾ, ਸਮੁੱਚਾ ਸਿੱਖ-ਜਗਤ੍ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬੋਤਮਤਾ ਸਵੀਕਾਰ ਕਰ ਕੇ, ਇਸ ਪਾਵਨ ਸੰਸਥਾ ਦੇ ਝੰਡੇ ਥੱਲੇ ਇਕੱਤ੍ਰ ਹੋ ਜਾਵੇ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਕੌਮ ਦਾ ਸਰਕਰਦਾ ਆਗੂ ਮੰਨ ਲਿਆ ਜਾਵੇ। —ਜੋਗਿੰਦਰ ਸਿੰਘ ਤਲਵਾੜਾ

ਗੁਰਮੁਖਿ ਪਿਆਰੇ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਵਾਲਿਆਂ ਵਲੋਂ ਅਗਸਤ -੧੯੯੧ ਸੂਰਾ ਪੱਤਰ ਵਿਚ ਅਤੇ ਪ੍ਰਿੰਸੀਪਲ ਬਖ਼ਤਾਵਰ ਸਿੰਘ ਜੀ ਰੀਟਾਇਰਡ ਵਲੋਂ ਅੰਕ ਸਤੰਬਰ ੧੯੯੧ ਵਿਚ ਸਿੱਖ ਮਸਲੇ ਬਾਰੇ ਕੁਝ ਦੁਖ ਭਰੇ ਅੱਖਰ ਲਿਖੇ ਗਏ ਹਨ—

ਭਾਈ ਜੋਗਿੰਦਰ ਸਿੰਘ ਜੀ ਨੇ ਤਿੰਨ ਸਵਾਲ ਕੀਤੇ ਹਨ—

(*i*) ਸਿੱਖ ਮਸਲਾ ਕਿਵੇਂ ਤੇ ਕਿਸ ਨੇ ਵਿਗਾੜਿਆ ਹੈ?

(*ii*) ਸ੍ਰੀ ਅਕਾਲ ਤਖ਼ਤ੍ ਸਾਹਿਬ, ਜਿਸ ਦੀ ਜਥੇਦਾਰੀ ਦੇ ਅੱਜ ਤਿੰਨ ਦਾਅਵੇਦਾਰ ਬਣੇ ਹੋਏ ਹਨ, ਦਾ ਅਸਲੀ ਪ੍ਰਤੀਨਿਧ ਜਥੇਦਾਰ ਕਿਹੜਾ ਹੈ?

(*iii*) ਸਿੱਖ ਮਸਲਾ ਕਿਵੇਂ ਹੱਲ ਹੋਵੇ?

(ੳ) ਪ੍ਰਿੰਸੀਪਲ ਬਖ਼ਤਾਵਰ ਸਿੰਘ ਜੀ ਨੇ ਅੰਕ ਸਤੰਬਰ ੧੯੯੧, "ਸੂਰਾ ਪੱਤਰ" ਵਿਚ ਸਿੱਖ ਮਸਲਾ ਸਰਕਾਰ ਦੀ ਬਦਨੀਤੀ ਕਾਰਨ ਪਿਛਲੇ ੪੫ ਸਾਲਾਂ ਤੋਂ ਵਧੇਰੇ ਗੰਭੀਰ ਹੁੰਦਾ ਜਾਂਦਾ ਬਿਆਨ ਕੀਤਾ ਹੈ। ਭਾਵ, ਸਰਕਾਰ ਆਪਿ ਹੀ ਇਸ ਨੂੰ ਸੁਲਝਾਉਣਾ ਨਹੀਂ ਚਾਹੁੰਦੀ, ਜਿਹਾ ਕਿ :—

"ਰਾਜੀਵ ਲੌਂਗੋਵਾਲ ਸਮਝੌਤਾ ਇਸ ਦੀ ਪਰਤੱਖ ਮਿਸਾਲ ਹੈ।"

ਦੂਜੀ ਮਿਸਾਲ ਅਖੌਤੀ ਸਿੱਖ ਲੀਡਰਾਂ ਦੀ ਹੈ ਜੋ ਪੰਥ ਜਾਂ ਸਿੱਖਾਂ ਦੇ ਹਿਤੈਸ਼ੀ ਹੀ ਨਹੀਂ, ਨਾ ਹੀ ਅਸਲ ਅਰਥਾਂ ਵਿਚ ਸਿੱਖ ਹਨ, ਮਾਇਆ-ਧਾਰੀ ਹਨ ਅਤੇ ਵਡਿਆਈ, ਕੁਰਸੀ ਤੇ ਲੀਡਰੀ ਦੇ ਭੁੱਖੇ ਹਨ। ਸੈਂਟਰ ਨੇ ਐਲਾਨ ਕਰ ਕੇ ਵੀ ੨੬ ਜਨਵਰੀ ੧੯੮੫ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦੀ ਬਿਨਾ ਤੇ ਚੰਡੀਗੜ੍ਹ ਪੰਜਾਬ ਨੂੰ ਨਾ ਦਿਤਾ, ਪਰ ਸਾਡੇ ਮੁਖ ਚੌਧਰੀਆਂ ਦੀ ਗੈਰਤ ਨੇ ਕੋਈ ਝੰਜੋੜਾ ਨਾ ਖਾਧਾ ਅਤੇ ਕੁਰਸੀ ਨੂੰ ਚੰਬੜੀ ਰਹੇ। ਸਿੱਖ ਸੰਗਠਨ ਨੂੰ ਬਖੇਰਨ ਲਈ ਰਹਿੰਦੇ ਖੂੰਹਦੇ ਸਿੱਖ ਲੀਡਰ ਭੀ ਇਕ ਦੂਜੇ ਦੀਆਂ ਲੱਤਾਂ ਅੱਜ ਤੀਕ ਖਿੱਚ ਰਹੇ ਹਨ। ਜੇਕਰ ਉਨ੍ਹਾਂ ਦੀ ਨਿਜ ਦੀ ਕ੍ਰਿਆ ਦੇਖੀ ਜਾਵੇ ਤਾਂ ਕਈ ਪਤਿਤ-ਕਰਮੀ ਪਾਏ ਜਾਣਗੇ। ਉਨ੍ਹਾਂ ਦੀਆਂ ਤ੍ਰੀਮਤਾਂ ਅੰਮ੍ਰਿਤਧਾਰੀ ਹੋਣਾ ਤਾਂ ਇਕ ਪਾਸੇ ਰਿਹਾ, ਹਾਰ ਸ਼ਿੰਗਾਰ ਦੀ ਮਿਸਾਲ ਹਨ। ਸਾਫ਼ ਸਿਧ ਹੁੰਦਾ ਹੈ ਕਿ ਸਿੱਖ ਮਸਲਾ ਸਰਕਾਰ ਦੀ ਬਦਨੀਤੀ ਅਤੇ ਅਖੌਤੀ (*so called*) ਸਿੱਖ ਲੀਡਰਾਂ ਕਾਰਨ ਬਿਗੜਿਆ ਹੈ।

ਮੁਸਲਮਾਨ ਹਕੂਮਤ ਸਮੇਂ ਸਿੱਖ ਸਰਦਾਰਾਂ ਨੇ ਨਵਾਬੀ ਠੁਕਰਾਈ ਸੀ ਅਤੇ ਨਵਾਬ ਕਪੂਰ ਸਿੰਘ ਜੀ ਨੇ ਸੰਗਤ ਦੇ ਹੁਕਮ ਤੇ ਇਸ ਸ਼ਰਤ ਨਾਲ ਕਬੂਲ ਕੀਤੀ ਸੀ ਕਿ ਤਬੇਲੇ ਦੀ ਸੇਵਾ (ਭਾਵ, ਘੋੜਿਆਂ ਦੀ ਲਿੱਦ ਸਾਫ਼ ਕਰਨ ਦੀ) ਉਨ੍ਹਾਂ ਕੋਲੋਂ ਖੋਹੀ ਨਹੀਂ ਜਾਵੇਗੀ, ਇਉਂ ਪ੍ਰਤੀਤ ਹੋ ਰਿਹਾ ਹੈ ਕਿ ਮਲੇਛ ਖਾਲਸੇ ਦਾ ਅਤੇ



www.AKJ.Org

ਕਾਂਫ਼ਰੀਂ ਦਾ ਹੁਣ ਅੰਤ ਆ ਗਿਆ ਹੈ। ਅੱਗੇ ਕੀ ਹੋਵੇਗਾ, ਸਿੱਖਾਂ ਨੂੰ ਪੂਰੀ ਪ੍ਰਤੀਤ ਹੈ ਕਿ ਗੁਰੂ ਪਾਤਸ਼ਾਹ ਆਪ ਅਗਵਾਈ ਕਰਨਗੇ। ਅੰਤ ਮਸਲਾ ਹੱਲ ਹੋਣਾ ਹੀ ਹੈ, ਪਰ ਇਹ ਕਿਵੇਂ ਹੋਵੇਗਾ, ਇਹ ਗੁਰੂ ਪਾਤਸ਼ਾਹ ਤੋਂ ਬਿਨਾਂ ਹੋਰ ਕਿਸੇ ਦੇ ਹੱਥ ਨਹੀਂ ਹੈ। ਬਦਨੀਤੀ ਨਾਲ ਕਦੇ ਭੀ ਕੋਈ ਮਸਲਾ ਹੱਲ ਨਹੀਂ ਹੋ ਸਕਦਾ। ਸਗੋਂ ਬਿਪਤ-ਕਾਲ ਆ ਜਾਂਦੀ ਹੈ। ਵਿਹੋ ਹਾਲ ਹੁਣ ਪੰਜਾਬ, ਕਸ਼ਮੀਰ, ਅਤੇ ਸਾਰੇ ਹਿੰਦੁਸਤਾਨ ਦਾ ਬਣਿਆ ਹੋਇਆ ਹੈ।

(ਅ) ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦਾ ਸਵਾਲ ਹੈ, ਦਾਸ ਇਹ ਕਹਿੰਦਿਆਂ ਸੰਕੋਚ ਨਹੀਂ ਕਰੇਗਾ ਕਿ ਦਾਅਵਾ ਕਰਨ ਵਾਲਾ ਕਦੀ ਭੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਦੇ ਲਾਇਕ ਨਹੀਂ ਸਮਝਿਆ ਜਾ ਸਕਦਾ। ਇਥੇ ਦਾਸ ਨੂੰ ਇਕ ਖਾਸ ਘਟਨਾ ਯਾਦ ਆ ਗਈ ਹੈ। ਇਹ ਪੜ੍ਹ ਕੇ ਪਾਠਕ ਭਲੀ ਬਿਧਿ ਸਮਝ ਲੈਣਗੇ ਕਿ ਤਖ਼ਤ ਦੇ ਲਾਇਕ ਕਦੇ ਭੀ ਦਾਅਵੇਦਾਰ ਨਹੀਂ ਹੋਇਆ ਕਰਦੇ।

ਸੱਚਖੰਡ ਵਾਸੀ ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਨੂੰ, ਉਨ੍ਹਾਂ ਦੀ ਕਰਣੀ ਕਮਾਈ ਨੂੰ ਦੇਖ ਕੇ, (ਜਿਸ ਦੀ ਵਿਸਥਾਰ ਪੂਰਬਕ ਮਿਸਾਲ "ਜੇਲ੍ਹ ਚਿਠੀਆਂ" ਪੁਸਤਕ ਹੈ) ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਉਨ੍ਹਾਂ ਨੂੰ ਜੇਲ੍ਹ ਵਿਚੋਂ ਬਾਹਰ ਆਉਣ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਸੌਂਪਣ, ਭਾਵ, ਸਵੀਕਾਰ ਕਰਨ ਬਾਰੇ ਬੇਨਤੀ ਕੀਤੀ ਸੀ। ਉਨ੍ਹਾਂ (ਭਾਈ ਸਾਹਿਬ ਜੀ) ਨੇ ਪੁਛਿਆ ਸੀ ਕਿ ਕੀ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਅਕਾਲ ਪੁਰਖ ਦਾ ਹੁਕਮ ਚਲੇਗਾ ? ਭਾਵ, ਉਨ੍ਹਾਂ ਨੂੰ ਇਸ ਪਰਥਾਇ ਹੁਕਮ ਮੰਨਣ/ਚਲੱਣ/ਚਲਾਉਣ/ਮਨਾਉਣ ਦੀ ਆਗਿਆ ਹੋਵੇਗੀ ਜਾਂ ਕਮੇਟੀ ਦੇ ਹੁਕਮ ਅਨੁਸਾਰ ਸੇਵਾ ਕਰਨੀ ਪਵੇਗੀ ? ਤਾਂ ਕਮੇਟੀ ਦੇ ਆਗੂਆਂ ਨੇ ਜੋਵਾਬ ਦਿਤਾ ਸੀ ਕਿ ਤੁਹਾਨੂੰ ਕਮੇਟੀ ਦੀ ਸਲਾਹ ਤਾਂ ਲੈਣੀ ਹੀ ਪਵੇਗੀ। ਇਸ ਉਪਰ ਉਸ ਕਮੇਟੀ ਦੇ ਆਗੂਆਂ ਨੂੰ ਸਾਫ਼ ਲਫਜ਼ਾਂ ਵਿਚ ਕਹਿ ਦਿਤਾ ਸੀ ਕਿ "ਫੇਰ ਤਾਂ ਤੁਸੀਂ ਸਾਨੂੰ ਫੁੱਲਾਂ ਦਾ ਹਾਰ ਪਾ ਕੇ ਲਿਜਾਵੋਗੇ ਅਤੇ ਛਿੱਤਰਾਂ ਦਾ ਹਾਰ ਪਾ ਕੇ ਕੱਢੋਗੇ", ਕਿਉਂਕਿ ਅਸੀਂ ਤਾਂ ਇਕ ਅਕਾਲ ਪੁਰਖ ਦੇ ਹੁਕਮ ਬਿਨਾਂ ਕਿਸੇ ਕੋੜੀ ਕਮੇਟੀ/ਸਰਕਾਰ ਦਾ ਹੁਕਮ ਮੰਨਣਾ ਹੀ ਨਹੀਂ। ਇਸ ਕਰਕੇ ਤੁਹਾਡੀ (ਕਮੇਟੀ ਦੀ) ਪੇਸ਼ਕਸ਼ ਸਾਨੂੰ ਮੰਨਜ਼ੂਰ ਨਹੀਂ।

ਬੱਸ ਫ਼ੈਸਲਾ ਹੋਇਆ ਕਿ ਅਕਾਲ ਪੁਰਖ ਦਾ "ਸਾਸ ਗਿਰਾਸ" ਹੁਕਮ ਕਮਾਉਣ ਵਾਲੇ ਕਦੇ ਭੀ ਐਸੀ ਦਾਅਵੇਦਾਰੀ ਨਹੀਂ ਕਰ ਸਕਦੇ। ਉਹ ਸਦਾ ਹੀ ਬੇ-ਦਾਅਵੇ ਹੀ ਰਹਿੰਦੇ ਹਨ। ਅੰਤ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਕਿਸ ਨੂੰ ਮਿਲਣੀ ਹੈ, ਇਹ ਭੀ ਗੁਰੂ ਪਾਤਸ਼ਾਹ ਨੇ ਆਪਣੇ ਹੱਥ ਰੱਖੀ ਹੈ। ਖ਼ੁਦਗਰਜ਼ਾਂ ਦੇ ਹੱਥ ਵਿਚ ਇਹ ਕਦੇ ਰਹਿਣੀ ਨਹੀਂ। ਸੋ ਅੰਤ ਸੰਤ ਸਰੂਪ ਖਾਲਸੇ ਦੀ ਹਰ ਪ੍ਰਕਾਰ ਫਤਹ ਹੋਣੀ ਹੈ। ਜੈਸੇ ਦਸਮੇਸ਼ ਪਿਤਾ ਜੀ ਦਾ ਦਿਤਾ ਚੜ੍ਹਦੀ ਕਲਾ ਦਾ ਇਹ ਨਾਅਰਾ ਹੈ "ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹ।"

ਖਾਲਸੇ ਦੀ ਫਤਹ ਹੀ ਵਾਹਿਗੁਰੂ, ਅਕਾਲ ਪੁਰਖ ਪਰਮਾਤਮਾ ਦੀ ਫਤਹ ਹੈ। ਇਹੋ ਰੱਬ ਨੂੰ ਭਾਉਂਦੀ ਹੈ। ਜੋ ਰੱਬ ਨੂੰ ਭਾਉਂਦਾ ਹੈ ਉਹੋ ਹੁੰਦਾ ਹੈ। ਸਿੱਖ ਸਦਾ ਰਜ਼ਾ ਵਿਚ ਰਹਿਣ ਦੀ ਹੀ ਅਰਦਾਸ ਕਰਦਾ ਹੈ। ਭਾਣਾ ਮੰਨਣ ਵਿਚ ਹੀ ਗੁਰੂ ਪਾਤਸ਼ਾਹ ਦੀ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਜੇਕਰ ਉਹ ਆਪਣਾ ਭਾਣਾ ਮਨਾ ਲਵੇ ਤਾਂ ਹੀ ਸੁਖ ਦਾ ਨਿਵਾਸ ਹੁੰਦਾ ਹੈ। ਨਹੀਂ ਤਾਂ ਕਲਪਣਾ ਕਲਪਾਉਂਦੀ ਹੀ ਰਹਿੰਦੀ ਹੈ ਅਤੇ ਜੀਵ ਦੁਖੀ ਹੀ ਰਹਿੰਦਾ ਹੈ। ਓਹ ਜੀਵ ਧੰਨ ਹਨ, ਜਿਨ੍ਹਾਂ ਬਾਰੇ ਦਸਮ ਗ੍ਰੰਥ ਵਿਚ ਮਹਾਂ ਵਾਕ ਹੈ :—

ਧੰਨ ਜੀਓ ਤਿਹ ਕੋ ਜੱਗ ਮੈ, ਮੁਖ ਤੇ ਹਰਿ, ਚਿਤ ਮੈ ਜੁਧੁ ਬੀਚਾਰੈ॥

(ੲ) ਜੋ ਸਿੱਖ ਮਸਲਾ ਹੈ, ਇਸ ਬਾਰੇ ਕੁਝ ਕੁ ਗੱਲਾਂ ਧਿਆਨ ਯੋਗ ਹਨ, ਜੋ ਕਿ ਦਾਸ ਹੇਠ ਲਿਖਣੋਂ ਸੰਕੋਚ ਨਹੀਂ ਕਰੇਗਾ।

੧. ਕਾਂਗਰਸ ਪਾਰਟੀ ਨੇ ਸਿੱਖਾਂ ਨਾਲ ੧੯੪੭ ਤੋਂ ਪਹਿਲਾਂ ਕੁਝ ਵਾਇਦੇ ਕੀਤੇ ਸਨ। ਉਨ੍ਹਾਂ ਅਨੁਸਾਰ


www.AKJ.Org

ਜੇਕਰ ਸਿੱਖ ਖ਼ਾਲਿਸਤਾਨ ਜਾਂ ਸਿੱਖ ਸਟੇਟ ਦੀ ਬਜਾਏ, (ਜੋ ਉਨ੍ਹਾਂ ਨੂੰ ਧਰਮ ਦੀ ਬਿਨਾ ਤੇ ਅੰਗਰੇਜ਼ ਹਕੂਮਤ ਨੇ ਆਫ਼ਰ ਕੀਤੀ ਸੀ), ਹਿੰਦੋਸਤਾਨ ਦੇ ਨਾਲ ਰਹਿਣ ਤਾਂ ਸਿੱਖਾਂ ਨੂੰ ਖ਼ਾਸ ਰਿਆਇਤਾਂ ਦੇਣ ਦੇ ਬਚਨ ਕੀਤੇ ਗਏ ਸਨ ਪਰ ਉਨ੍ਹਾਂ ਸਭਨਾਂ ਵਾਅਦਿਆਂ ਤੇ ਮਿੱਟੀ ਪਾ ਦਿਤੀ ਗਈ । ਇਸ ਬਾਰੇ ਮਾਸਟਰ ਤਾਰਾ ਸਿੰਘ ਨੇ (ਜੋ ਕਿ ੧੯੪੭ ਤੋਂ ਪਿਛੋਂ ਖ਼ਬਰ ਛਪੀ ਸੀ) ਪੰਡਤ ਜਵਾਹਰ ਲਾਲ ਨਹਿਰੂ ਨੂੰ ਕਿਹਾ ਸੀ ਕਿ ਕਾਂਗਰਸ ਪਾਰਟੀ ਨੇ ਅਜ਼ਾਦੀ ਮਿਲਣ ਤੋਂ ਪਹਿਲਾਂ ਜੋ ਵਾਇਦੇ ਕੀਤੇ ਸਨ ਉਹ ਪੂਰੇ ਕੀਤੇ ਜਾਣ। ਇਸ ਪਰ ਪੰਡਤ ਨਹਿਰੂ ਨੇ ਮਾਸਟਰ ਜੀ ਨੂੰ ਕੋਰਾ ਜਵਾਬ ਦਿਤਾ ਸੀ ਕਿ "ਉਹ ਵਕਤ ਹੁਣ ਨਹੀਂ ਰਿਹਾ।" ਭਾਵ, ਕਾਂਗਰਸ ਪਾਰਟੀ, ਹਕੂਮਤ ਮਿਲਣ ਤੇ, ਕੀਤੇ ਵਾਇਦਿਆਂ ਤੋਂ ਮੁਕਰ ਗਈ ਤੇ ਸਿੱਖਾਂ ਨਾਲ ਸਪੱਸ਼ਟ ਧੋਖਾ ਕਰ ਗਈ।

੨. ਮੌਲਾਨਾ ਅਬੁਲ ਕਲਾਮ ਨੇ ਜੋ ਕਿਤਾਬ ਲਿਖੀ ਸੀ ਤੇ ਉਸ ਨੇ ਕਿਹਾ ਸੀ ਕਿ ਅਜ਼ਾਦੀ ਮਿਲਣ ਤੋਂ ੩੦ ਸਾਲ ਪਿੱਛੋਂ ਖੋਲੀ ਤੇ ਪੜ੍ਹੀ ਜਾਵੇ, ਉਸ ਵਿਚ ਉਸ ਨੇ ਸਾਫ਼ ਲਿਖਿਆ ਹੈ ਕਿ ਮਿ: ਪਟੇਲ ਜੋ ਉਸ ਸਮੇਂ ਸੈਂਟਰ ਸਰਕਾਰ ਦੇ ਹੋਮ ਮਨਿਸਟਰ ਬਣੇ ਸਨ, ਉਹ ਹਿੰਦੂ ਮੁਤੱਸਬੀ ਸਨ, ਜਿਸ ਕਰਕੇ ਸਰਕਾਰੀ ਫ਼ੈਸਲੇ ਹਿੰਦੂ ਮੁਤੱਸਬ ਅਧੀਨ ਕੀਤੇ ਕਰਵਾਏ ਗਏ। ਸਿੱਖ ਕੌਮ ਸਿੱਖ ਧਰਮ ਸਦਾ ਹੀ ਮੁਤੱਸਬ ਤੋਂ ਦੂਰ ਰਿਹਾ ਹੈ। ਜਿਹਾ ਕਿ ਗੁਰੂ ਸਾਹਿਬ ਦਾ ਮਹਾਂਵਾਕ ਹੈ :—

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥੪॥੩॥੫੦॥ (ਪੰਨਾ ੭੪੭)

੩. ਹਰ ਕਈ ਜਾਣਦਾ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਸਾਹਿਬ ਨੇ ਮੀਆਂ ਮੀਰ ਤੋਂ ਰਖਵਾਈ, ਜੋ ਭਾਵੇਂ ਮੁਸਲਮਾਨ ਜਾਤੀ ਵਿਚੋਂ ਸਨ, ਪਰ ਗੁਰੂ ਸਾਹਿਬ ਦੇ ਅਨਿੰਨ ਸਿੱਖ ਸਨ। ਉਨ੍ਹਾਂ (ਮੀਆਂ ਮੀਰ ਜੀ) ਨੇ ਮਾਤਾ ਕੌਲਾਂ ਜੀ ਨੂੰ ਉਪਦੇਸ਼ ਦਿਤਾ ਸੀ ਕਿ ਇਸ ਸਮੇਂ ਨਾਮ ਦੇ ਦਾਤੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਹਨ, ਸੋ ਜੇਕਰ ਤੁਹਾਨੂੰ (ਮਾਤਾ ਕੌਲਾਂ ਜੀ ਨੂੰ) ਨਾਮ ਦੀ ਲੋੜ ਹੈ ਤਾਂ ਤੁਸੀਂ ਗੁਰੂ ਸਾਹਿਬ ਜੀ ਦੇ ਚਰਨੀਂ ਲਗੋ। ਮਾਤਾ ਕੌਲਾਂ ਉਸ ਪੀਰ ਦੀ ਲੜਕੀ ਸੀ ਜਿਸ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਫ਼ਤਵਾ ਦੇ ਕੇ ਤੱਤੀ ਤਵੀ (ਲੋਹ) ਤੇ ਬਿਠਾਇਆ ਤੇ ਗੁਰੂ ਸਾਹਿਬ ਨੇ ਸ਼ਹੀਦੀ ਪ੍ਰਾਪਤ ਕੀਤੀ ਸੀ। ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਪੁਤਰ ਸਨ । ਇਸ ਤੋਂ ਸਾਫ਼ ਸਿਧ ਹੈ ਕਿ ਨਾ ਹੀ ਗੁਰੂ ਸਾਹਿਬ ਤੇ ਨਾ ਹੀ ਉਨ੍ਹਾਂ ਦੇ ਸਿੱਖੀ ਮੁਤੱਸਬੀ ਸਨ, ਨਾ ਹੀ ਇਸ ਸਮੇਂ ਹਨ ਤੇ ਨਾ ਹੀ ਕਦੇ ਹੋ ਸਕਦੇ ਹਨ। ਸਿੱਖ ਤਾਂ ਸਭਨਾਂ ਦਾ ਭਲਾ ਮੰਗਦੇ ਹੋਏ ਜ਼ਾਲਮ ਤੇ ਜ਼ੁਲਮ ਦੇ ਹਮੇਸ਼ਾ ਖਿਲਾਫ਼ ਰਹੇ ਹਨ, ਅਤੇ ਮੁਕਾਬਲਾ ਕਰਦੇ ਆਏ ਹਨ ਤੇ ਕਰਦੇ ਰਹਿਣਗੇ।

੪. ਪੰਜਾਬ ਮਸਲਾ ਜੇਕਰ ਉੱਪਰ ਲਿਖੇ ਅਨੁਸਾਰ ਅੱਜ ਦੀ ਹਕੂਮਤ ਨਹੀਂ ਕਰ ਸਕਦੀ ਤਾਂ ਫਿਰ ਇਸ ਦਾ ਇਕੋ ਇਕ ਹੱਲ ਹੈ ਕਿ ਹਿੰਦੋਸਤਾਨ ਦੀ ਵੰਡ ਬਦੇਸ਼ੀ ਹਕੂਮਤ ਨੇ ਧਰਮ ਦੇ ਅਧਾਰ ਤੇ ਕੀਤੀ ਸੀ ਜੇਕਰ ਹੁਣ ਦੀ ਹਕੂਮਤ ਧਰਮ ਦੇ ਅਧਾਰ ਤੇ ਇਸ ਦਾ ਕੋਈ ਫ਼ੈਸਲਾ ਕਰਨ ਲਈ ਤਿਆਰ ਨਹੀਂ ਤਾਂ ਫਿਰ ਬਦੇਸ਼ੀ ਹਕੂਮਤ ਦੀ ਵੰਡ ਨੂੰ ਹੁਣ ਠਕਰਾਉਣ ਦਾ ਹੀਆ ਕਰੇ । ਭਾਵ, ਹਿੰਦੋਸਤਾਨ ਦੀ ਅਖੰਡਤਾ ਜੋ ਕਿ ਰਾਸ ਕੁਮਾਰੀ ਤੋਂ ਲੈ ਕੇ ਕਾਬਲ ਕੰਧਾਰ ਤੱਕ ਇਕ ਹੈ, ਇਸ ਨੂੰ ਅਖੰਡ ਕਰਨ ਦਾ ਉਪਰਾਲਾ (ਜੇਕਰ ਹੌਸਲਾ ਹੈ ਤਾਂ) ਕਰੇ। ਹੋਰ ਹੱਲ ਲੱਭਣ ਦੀ ਲੋੜ ਹੀ ਨਹੀਂ । ਇਥੇ ਗੁਰੂ ਸਾਹਿਬ ਦਾ ਮਹਾਂ ਵਾਕ ਫਿਰ ਦੁਹਰਾਇਆ ਜਾ ਸਕਦਾ ਹੈ ਕਿ ਇਹ ਕੁਝ ਉਹੀ ਕਰ ਸਕਦੇ ਹਨ ਜੋ ਕਿ "ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ ॥"

ਬੱਸ ਫ਼ੈਸਲਾ ਹੋਇਆ ਕਿ ਹਿੰਦੋਸਤਾਨ ਦੀ ਅਖੰਡਤਾ ਨੂੰ ਸਿੱਖ ਕੌਮ ਹੀ ਕਾਇਮ ਰੱਖ ਸਕਦੀ ਹੈ, ਰਖਦੀ ਆਈ ਹੈ ਅਤੇ ਸਮਾਂ ਪੈਣ ਤੇ ਰੱਖੇਗੀ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥



www.AKJ.Org

# ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਮਹਿਮਾ

[ਪ੍ਰਿੰਸੀਪਲ ਸਤਿਬੀਰ ਸਿੰਘ ਜੀ]

"ਸੂਰਜ ਪ੍ਰਕਾਸ਼' ਗ੍ਰੰਥ ਦੇ ਕਰਤਾ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਆਪਣੇ ਇਕ ਦੋਹੇ ਵਿਚ ਸਪੱਸ਼ਟ ਲਿਖਿਆ ਹੈ, ਕਿ ਦੁਨਿਆਵੀ ਬਾਲਕ ਵਿਚ ਵੱਡੇ ਔਗਣ ਮਿਥੇ ਜਾਂਦੇ ਹਨ–

੧. 'ਬਾਲਕ' ਬਿਰਧ ਗਿਆਨ ਨਹੀਂ ਹੁੰਦਾ। ਜੇ ਇਕ-ਅੱਧ ਚੰਗੀ ਵੀ ਕਰ ਲਵੇ, ਤਾਂ ਦੂਜੀ ਵਾਰ ਜ਼ਰੂਰ ਵਿਗਾੜ ਪਾ ਦੇਂਦਾ ਹੈ।

੨. 'ਬਾਲਕ' ਸੁਤੰਤਰ ਦਾਨ ਨਹੀਂ ਦੇ ਸਕਦਾ। ਉਸ ਨੂੰ ਕਹਿਣਾ ਪੈਂਦਾ ਹੈ ਕਿ ਹੱਥ ਪਕੜੀ ਚੀਜ਼ ਆਏ ਹੋਏ ਨੂੰ ਦੇਵ।

੩. ਕੋਈ 'ਬਾਲਕ' ਸੁਤੰਤਰ ਅਗਵਾਈ ਨਹੀਂ ਕਰ ਸਕਦਾ। ਦਸੀ ਹੋਈ ਥਾਂ ਵੀ ਭੁਲ ਜਾਂਦਾ ਹੈ।

ਪਰ ਗੁਰੂ ਹਰਿਕ੍ਰਿਸ਼ਨ ਜੀ ਬਿਰਧ ਗਿਆਨ ਵਾਲੇ ਹੀ ਨਹੀਂ, ਰੱਬੀ ਜੋਤਿ ਦਾ ਰੂਪ ਹਨ। 'ਹਰਿ ਹਰਿ ਗਰਹਿ' ਹਨ। ਰੱਬ ਦਾ ਰੂਪ ਹਨ। ਉਨ੍ਹਾਂ ਦੀ ਅੰਮ੍ਰਿਤ ਦ੍ਰਿਸ਼ਟੀ ਹੀ ਪਾਪਾਂ ਦੀ ਕਾਲਖ ਉਤਾਰ ਦੇਂਦੀ ਹੈ। ਉਨ੍ਹਾਂ ਦੇ ਦਰਸ਼ਨ ਨਾਲ ਹੀ ਅਗਿਆਨ-ਅੰਧੇਰਾ ਬਿਨਸ ਜਾਂਦਾ ਹੈ। ਗੁਰਬਾਣੀ ਦੀ ਤੁਕ ਬੋਲ ਕੇ ਹੀ ਅਗਲੇ ਦੇ ਪਾਪ ਭੀਤਰ ਦੇ ਕੰਬਾ ਦੇਂਦੇ ਸਨ। ਜੱਦੀ ਚੋਰ ਜਸਵੰਤ ਰਾਇ ਨੂੰ ਸਿਰਫ਼ ਇਤਨਾ ਆਖ ਕੇ, ਕਿ 'ਚੋਰ ਕੀ ਹਾਮਾ ਭਰੇ ਨਾ ਕੋਇ', ਉਸ ਨੂੰ ਕੁਆ ਦਿੱਤਾ ਸੀ। ਔਰੰਗਜ਼ੇਬ ਦੇ ਭੇਜੇ ਸ਼ਹਿਜ਼ਾਦੇ ਨੇ ਬਾਰ ਬਾਰ ਜਦ ਕੁਝ ਲਿਖ ਭੇਜਣ ਲਈ ਕਿਹਾ ਸੀ ਤਾਂ ਆਪ ਜੀ ਨੇ ਮਾਝ ਰਾਗ ਦੀ ਵਾਰ ਵਿਚੋਂ ਉਹ ਸਲੋਕ ਲਿਖਿਆ ਸੀ, ਜਿਸ ਨੂੰ ਪੜ੍ਹਦੇ ਸਾਰ ਔਰੰਗਜ਼ੇਬ ਸ਼ਰਮਸਾਰ ਹੋਇਆ ਸੀ।

ਦਾਨੀ ਸੁਤੰਤਰ ਸਨ। ਸਭ ਗਵਾਹੀਆਂ ਹਨ ਕਿ 'ਲੰਗਰ' ਅਤੁੱਟ ਵਰਤਦੇ ਰਹਿੰਦੇ ਸਨ। ਆਈਆਂ ਭੇਟਾਵਾਂ ਨੂੰ ਉਸ ਸਮੇਂ ਜਾਂ ਲੋੜਵੰਦਾਂ ਵਿਚ ਵੰਡਵਾ ਦੇਂਦਾ ਜਾਂ ਲੰਗਰ ਵਿਚ ਪਾ ਦੇਂਦੇ। ਜਦ ਬਾਦਸ਼ਾਹ ਵਲੋਂ ਅਨੇਕ ਭੇਟਾਵਾਂ ਲੈ ਕੇ ਅਹਿਲਕਾਰ ਦਰਬਾਰ ਹਾਜ਼ਰ ਹੋਏ ਤਾਂ ਆਪ ਜੀ ਨੇ ਇਕ ਤਸਬੀ ਉਠਾ ਕੇ, ਬਾਕੀ ਸਭ ਉਵੇਂ ਹੀ ਮੋੜ ਦਿੱਤੀਆਂ। ਦਿੱਲੀ ਦੇ ਗਲੀ ਕੂਚਿਆਂ ਵਿਚ ਆਪ ਵਿਚਰ ਕੇ ਰੋਗੀਆਂ ਦੇ ਰੋਗ ਖੰਡਨ ਕੀਤੇ।

ਸਭ ਤੋਂ ਵੱਡੀ ਗੱਲ, ਐਸੀ ਅਗਵਾਈ ਕੀਤੀ, ਕਿ ਹਰ ਕੋਈ ਆਖ ਰਹਿਆ ਸੀ ਕਿ ਪਿਤਾ ਜੀ ਦੇ ਪਾਏ ਪੂਰਨਿਆਂ ਤੇ ਤੁਰ ਕੇ, ਗੁਰੂ ਨਾਨਕ ਦੇਵ ਜੀ ਦੀ ਸਿਖਿਆ ਨੂੰ ਹੋਰ ਅਗੇ ਵਧਾਇਆ ਹੈ। ਇਹ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਕਿਤਨਾ ਦਬਾਅ ਵਿਰੋਧੀਆਂ, ਦੋਖੀਆਂ, ਨਜ਼ਦੀਕੀ ਰਿਸ਼ਤੇਦਾਰਾਂ ਤੇ ਸੋਢੀਆਂ ਦਾ ਆਪ ਤੇ ਹੋਵੇਗਾ, ਪਰ ਆਪ ਜੀ ਨੇ ਸਪੱਸ਼ਟ ਹੁਕਮ ਕੀਤਾ : 'ਬਾਬਾ ਬਸਹਿ ਜਿ ਗ੍ਰਾਮ ਬਕਾਲੇ।'

ਦੁਖਤ ਕੁਸ਼ੀ (ਕੁੜੀ ਮਾਰ) ਵਾਲੇ ਨੂੰ ਮੂੰਹ ਨ ਲਾਉਣਾ, ਤਮਾਕੂ ਨੋਸ਼ੀ ਤੋਂ ਵਰਜਣਾ, ਕੇਸਾਂ ਦੀ ਬੇਅਦਬੀ ਨ ਕਰਨ ਦਾ ਹੁਕਮ ਅਤੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਰਿਦਾ ਦਸਣਾ ਤੇ ਪਰਚਾਰਨਾ, ਇਹ ਸੁਤੰਤਰ ਅਗਵਾਈ ਦੀਆਂ ਅਨੇਕਾਂ ਉਦਾਰਹਣਾਂ ਹਨ। ਤਾਤਪਰਜ ਇਹ ਹੈ ਕਿ ਜੋਤਿ ਉਹ ਸੀ, ਜਗਤ ਸਾਇ ਸੀ, ਸਿਰਫ ਕਾਇਆ ਪਲਟੀ ਸੀ।

"ਬਾਲ ਬੈਸ ਬ੍ਰਿਧ ਗਿਆਨ ਪਹਿ, ਸਮਰਥ ਸ੍ਰੀ ਗੁਰ ਦੇਵ।
ਪਰ ਅਰਵਿੰਦਨਿ ਬੰਦਨਾ, ਮੁਕਤਿ ਪਾਇ ਜਿਨ ਸੇਵ।੧੦।"

ਭਾਵ ਇਹ ਹੀ ਹੈ ਕਿ ਬਾਲ ਅਵੱਸਥਾ 'ਬਾਲਕ' ਅਚੇਤ ਤੇ ਨਿਰਬਲ ਹੁੰਦਾ ਹੈ, ਪਰ ਬਾਲ ਗੁਰੂ ਸਤਿਗੁਰੂ ਜੀ ਬਾਲਕ ਦੀਆਂ ਤਿੰਨੇ ਕਮਜ਼ੋਰੀਆਂ ਤੋਂ ਰਹਿਤ ਹਨ। ਅਚੇਤਤਾ ਦੇ ਟਾਕਰੇ ਦਾ ਗਯਾਨ ਬ੍ਰਿਧ ਹਨ, ਨਿਰਬਲਤਾ ਦੇ ਮੁਕਾਬਲੇ ਪਰਮ ਸਮਰੱਥ ਹਨ ਅਤੇ ਆਪਣੇ ਸਿੱਖ ਸੇਵਕਾਂ ਨੂੰ ਮੁਕਤੀ ਵਰਗੇ ਦੁਰਲੱਭ ਪਦਾਰਥ ਇਕ ਹੀ ਤਕਣੀ ਨਾਲ ਦੇਂਦੇ ਹਨ। ਇਹ ਸਮਝ ਲੈਣਾ ਚਾਹੀਦਾ ਹੈ ਕਿ ਸਰੀਰਕ ਅਵਸਥਾ ਤੇ ਉਮਰ



www.AKJ.Org

ਸਤਿਗੁਰੂ-ਜੋਤਿ ਤੇ ਹਾਵੀ ਨਹੀਂ ਹੋ ਸਕਦੇ ।

ਪ੍ਰਾਚੀਨ ਪੰਥ ਪ੍ਰਕਾਸ਼ ਨੇ ਵੀ ਗੁਰੂ ਹਰਿਕ੍ਰਿਸ਼ਨ ਜੀ ਦੀ ਮਹਿਮਾ ਗਾਉਂਦੇ ਇਹ ਹੀ ਲਿਖਿਆ ਹੈ ਕਿ ਸਭ ਸਿੱਖਾਂ ਦੀਆਂ ਇੱਛਾਂ ਪੂਰੀਆਂ ਕੀਤੀਆਂ ਤੇ ਭਟਕਿਆਂ ਨੂੰ ਸਿੱਖੀ ਮਾਰਗ ਦ੍ਰਿੜ ਕਰਾਇਆ :

"ਇਛੈਂ ਪੂਰੈ ਸਿਖਿਨ ਕੀ ਸਿਖ ਕਰੈ ।"

ਭਾਈ ਨੰਦ ਲਾਲ ਜੀ ਨੇ 'ਗੰਜ ਨਾਮਾ' ਵਿਚ ਸੱਲਤਨੱਤ-ਇ-ਹਸ਼ਤਮ (ਅਠਵੀਂ ਪਾਤਸ਼ਾਹੀ) ਦੇ ਸਿਰਲੇਖ ਹੇਠ ਇਹ ਹੀ ਲਿਖਿਆ ਹੈ ਕਿ ਉਸਦੀ ਪਵਿੱਤਰ ਕਰਾਮਾਤ ਜਗਤ ਪ੍ਰਸਿੱਧ ਹੈ ਅਤੇ ਉਸ ਦੇ ਪਾਵਨ ਵਜੂਦ ਦਾ ਨੂਰ ਸੱਚ ਨੂੰ ਰੋਸ਼ਨ ਕਰਦਾ ਹੈ । ਕਿਤਨੀ ਪ੍ਰਗਟ ਸਚ ਈ ਲਿਖੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਅਠਵੀਂ ਪਾਤਸ਼ਾਹੀ ਉਨ੍ਹਾਂ ਦੇ ਪੁੱਗੇ ਅਤੇ ਪਾਕ ਪਵਿੱਤਰ ਪ੍ਰੇਮੀਆਂ ਦਾ ਤਾਜ ਅਤੇ ਉਸ ਵਿਚ ਹੀ ਸਮਾ ਚੁਕੇ ਪਿਆਰਿਆਂ ਦੀ ਸਰਕਾਰ ਹੈ ।

ਇਤਨੀ ਦਿਲ-ਖਿਚਵੀਂ ਤੇ ਕੋਮਲ ਸ਼ਖਸੀਅਤ ਹੈ—ਗੁਰੂ ਹਰਿਕ੍ਰਿਸ਼ਨ ਜੀ ਦੀ ਕਿ ਨੇੜੇ ਰਹਿਣ ਵਾਲੇ ਵੀ ਉਸ ਤੋਂ ਸਦਕੇ ਹੋਣਾ ਲੋੜਦੇ ਹਨ । ਜਿਨ੍ਹਾਂ ਰੱਬ ਦਾ ਰਾਹ ਪਾ ਵੀ ਲਿਆ ਹੈ, ਉਹ ਵੀ ਉਸ ਦੇ ਦਰ ਆ ਕੇ ਸਿਰ ਝੁਕਾਂਦੇ ਹਨ ।

ਉਸ ਦੇ ਬੇਅੰਤ ਗੁਣਾਂ ਤੇ ਮਹਾਨ ਸਿਫ਼ਤਾਂ ਨੂੰ ਉਸ ਦੇ ਪਿਆਰ ਵਾਲੇ ਤਿੰਨੇ ਲੋਕਾਂ ਤੇ ਛੇ ਤਰਫ਼ਾਂ ਵਿਚ ਫੈਲਾ ਰਹੇ ਹਨ । ਉਸ ਦੀਆਂ ਵਡਿਆਈਆਂ ਕੋਈ ਗਿਣ ਨਹੀਂ ਸਕਦਾ । ਹੋਰ ਤਾਂ ਹੋਰ, ਉਸ ਦੀਆਂ ਕੀਤੀਆਂ ਵਡਿਆਈਆਂ ਦੇ ਭੰਡਾਰ ਵਿਚੋਂ, ਬਚੇ ਖੁਚੇ ਟੁਕੜੇ ਚੁਣਨ ਵਾਲਿਆਂ ਦੀ ਗਿਣਤੀ ਦਾ ਹੀ ਕੋਈ ਅੰਤ ਨਹੀਂ ।

ਫਿਰ ਭਾਈ ਨੰਦ ਲਾਲ ਜੀ ਨੇ 'ਹਰਿਕ੍ਰਿਸ਼ਨ' ਨਾਮ ਦੇ ਫ਼ਾਰਸੀ ਹਿੱਜੇ ਲੈ ਕੇ ਹਰ ਇਕ ਲਫ਼ਜ਼ ਦੀ ਮਹਿਮਾ ਗਾਉਂਦੇ ਲਿਖਿਆ ਹੈ :

ਉਨ੍ਹਾਂ ਦੇ ਨੇਕ-ਸੁਭਾਅ ਨੂੰ ਦਰਸਾਉਣ ਵਾਲੀ ਅਤੇ ਸੱਚ ਦੇ ਥੰਵੇ ਨਾਲ ਜੜੀ ਹੋਈ 'ਹੇ' ਦੁਨੀਆ ਦੇ ਕਾਬੋਜ਼ ਦੇ ਤੰਤ ਨੂੰ ਹਰਾ ਕੇ ਡੇਗ ਦੇਣ ਵਾਲੀ ਹੈ ।

ਸਚਾਈ ਦਰਸਾਉਣ ਵਾਲੀ 'ਰੇ' ਦਸਦੀ ਹੈ, ਕਿ ਹਰ ਨੇੜੇ ਆ ਇਆ ਸਦੀਵੀ ਤੱਖਤ ਤੇ ਪ੍ਰਧਾਨਗੀ ਪਦ ਤੇ ਬਿਰਾਜਮਾਨ ਹੋ ਜਾਂਦਾ ਹੈ ।

ਉਸ ਦੇ ਨਾਮ ਦਾ ਅਰਬੀ 'ਕਾਫ਼' ਇਸ ਗੱਲ ਦਾ ਲਖਾਇਕ ਹੈ ਕਿ ਉਹ ਦ੍ਰਿਸ਼ਟੀ ਕਰਨ ਤਾਂ ਸਖ਼ਾਵਤ ਤੇ ਮਿਹਰ ਦੇ ਦਰਵਾਜ਼ੇ ਖੁਲ੍ਹ ਜਾਂਦੇ ਹਨ । ਸ਼ਾਨ ਸ਼ੌਕਤ ਨਾਲ ਭਰੀ 'ਸ਼ੀਨ' ਸ਼ੇਰਾਂ ਵਰਗੇ ਦੈਂਤ ਨੂੰ ਮਾਰ ਮੁਕਾਉਣ ਵਾਲੀ ਹੈ । ਸਰ ਅਫ਼ਗਨ ਦੀਵਾਨ-ਇ-ਵੱਸੀਮ ।

ਆਖ਼ਰੀ 'ਨੂਨ' ਪ੍ਰਗਟਾ ਰਹੀ ਹੈ ਕਿ ਉਨ੍ਹਾਂ ਪਾਸ ਆਏ ਹਰ ਦਿਲ ਤੇ ਜਾਨ ਵਿਚ ਤਾਜ਼ਗੀ ਤੇ ਸੁਗੰਧੀ ਭਰ ਜਾਏਗੀ, ਕਿਉਂਕਿ ਗੁਰੂ ਹਰਿਕ੍ਰਿਸ਼ਨ ਰੱਬੀ ਨਿਆਮਤਾਂ ਦਾ ਨਿਕਟ-ਵਰਤੀ ਮਿਤ੍ਰ ਹੈ ।

ਕਿਤਨੀ ਅਟੱਲ ਸੱਚਾਈ ਲਿਖੀ ਹੈ ਭਾਈ ਨੰਦ ਲਾਲ ਜੀ ਨੇ । ਹੁਣ ਵੀ ਗੁਰਦੁਆਰਾ ਬੰਗਲਾ ਸਾਹਿਬ ਸਿਰ ਨਿਵਾਇਆਂ, ਉਹ ਇੰਜ ਮਹਿਸੂਸ ਕਰਦਾ ਹੈ ਕਿ ਉਸਦਾ ਖ਼ਾਲੀ ਹਿਰਦਾ ਭਰ ਗਿਆ ਅਤੇ ਜੀਵਨ ਵਿਚ ਤਾਜ਼ਗੀ, ਪਾਕੀਜ਼ਗੀ ਤੇ ਖ਼ੁਸ਼ਬੋ ਭਰ ਗਈ ਹੈ ।

ਭਾਈ ਨੰਦ ਲਾਲ ਜੀ ਨੇ ਹੋਰ ਗੁਣ-ਕਰਮ ਲਿਖ ਕੇ ਪ੍ਰਗਟਾਇਆ ਹੈ ਕਿ ਅਠ੍ਵੇਂ ਪਾਤਸ਼ਾਹ ਮਿਹਰ ਅਤੇ ਬਖ਼ਸ਼ਿਸ਼ ਦਾ ਰੂਪ ਹਨ । ਰੱਬ ਦੇ ਜਿਤਨੇ ਵੀ ਨੇੜੇ ਬੈਠਣ ਵਾਲੇ ਹਨ, ਉਨ੍ਹਾਂ ਸਭਨਾਂ ਵਿਚ ਇਹ ਸਭ ਤੋਂ ਵੱਧ ਸਲਾਹੇ ਹੋਏ ਹਨ ।

ਉਨ੍ਹਾਂ ਵਿਚ ਤੇ ਰੱਬ ਵਿਚ ਕੇਵਲ ਦੇਖਣ ਨੂੰ ਹੀ ਫ਼ਰਕ ਹੈ । ਉਨ੍ਹਾਂ ਦੀ ਹੋਂਦ ਸਾਰੀ ਦੀ ਸਾਰੀ ਰੱਬ ਦੀਆਂ ਮਿਹਰਾਂ-ਬਖ਼ਸ਼ਿਸ਼ਾਂ ਹਨ । ਉਹ ਮਿਹਰਾਂ ਤੇ ਬਖ਼ਸ਼ਿਸ਼ਾਂ ਦਾ ਹੀ ਮੁਜੱਸਮਾ ਹਨ ।

ਸਾਰੇ ਉਸ ਦੇ ਦਰ ਤੇ ਸਵਾਲੀਆਂ ਵਾਂਗ ਖੜੇ ਰਹਿੰਦੇ ਹਨ । ਉਨ੍ਹਾਂ ਦੇ ਮੁਖ ਵਿਚੋਂ ਨਿਕਲੇ ਹਰ



www.AKJ.Org

ਨਾ-ਮਿਲਵਰਤਣ ਲਹਿਰ ਦੇ ਮੋਢੀ

# ਗੁਰੂ ਹਰਿਕ੍ਰਿਸ਼ਨ ਸਾਹਿਬ

[ ਪ੍ਰਿੰਸੀਪਲ ਕੁਲਦੀਪ ਸਿੰਘ ਹਉਰਾ, ੧੬੨-ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ ]

ਸਿੱਖ ਅਰਦਾਸ ਵਿਚ ਰੋਜ਼ ਪੜ੍ਹਦੇ ਹਨ "ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖਿ ਜਾਇ।" ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ "ਅਸ਼ਟਮ ਬਲਬੀਰਾ" ਦੇ ਨਾਂ ਨਾਲ ਵੀ ਯਾਦ ਕੀਤਾ ਜਾਂਦਾ ਹੈ। ਦਿੱਲੀ ਵਿਚ ਗੁਰਦੁਆਰਾ ਬੰਗਲਾ ਸਾਹਿਬ ਉਨ੍ਹਾਂ ਦੀ ਪਵਿੱਤਰ ਯਾਦ ਵਿਚ ਸੁਸ਼ੋਭਤ ਹੈ। ਥਾਂ ਥਾਂ ਗੁਰੂ ਸਾਹਿਬ ਦੇ ਪਵਿਤਰ ਨਾਮ ਨਾਲ ਅਨੇਕਾਂ ਸੰਸਥਾਵਾਂ ਕਾਇਮ ਹਨ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਸਿੱਖ ਇਤਿਹਾਸ ਵਿਚ ਵਿਸ਼ੇਸ਼ ਸਥਾਨ ਹੈ। ਉਮਰ ਦੇ ਪੱਖੋਂ ਆਪ ਸਭ ਗੁਰੂ ਸਾਹਿਬਾਨ ਨਾਲੋਂ ਛੋਟੇ ਸਨ, ਪਰ ਜੋ ਮਹਾਨ ਸਿਧਾਂਤ ਆਪ ਜੀ ਨੇ ਕਾਇਮ ਕੀਤਾ, ਉਸ ਨੂੰ ਦੇਖ ਕੇ ਆਪ ਦਾ ਦਰਜਾ ਅੰਤਰ-ਰਾਸ਼ਟਰੀ ਪੱਧਰ ਦੇ ਮਹਾਨ-ਪੁਰਸ਼ਾਂ ਵਿਚੋਂ ਵੀ ਅਤਿ ਮਹਾਨ ਹੈ। ਆਪ ਨੇ ਸਤਾਰ੍ਹਵੀਂ ਸਦੀ ਵਿਚ ਨਾ ਮਿਲਵਰਤਣ ਲਹਿਰ ਦਾ ਮੁੱਢ ਬੰਨ੍ਹਿਆ।

ਗੁਰੂ ਹਰਿ ਰਾਇ ਸਾਹਿਬ ਔਰੰਗਜ਼ੇਬ ਦੇ ਸੱਦੇ ਤੇ ਆਪ ਤਾਂ ਉਸ ਪਾਸ ਦਿੱਲੀ ਨਾ ਗਏ, ਪਰ ਆਪਣੇ ਪੁੱਤਰ ਸ੍ਰੀ ਰਾਮ ਰਾਇ ਨੂੰ ਉਸ ਦੇ ਦਰਬਾਰ ਵਿਚ ਭੇਜ ਦਿੱਤਾ। ਔਰੰਗਜ਼ੇਬ ਤੇ ਉਸ ਦੇ ਮੌਲਵੀਆਂ ਮੁਲਾਣਿਆਂ ਨੇ ਜੋ ਪ੍ਰਸ਼ਨ ਸਿੱਖ ਧਰਮ ਬਾਰੇ ਰਾਮ ਰਾਇ ਜੀ ਨਾਲ ਕੀਤੇ, ਉਨ੍ਹਾਂ ਦੇ ਉੱਤਰ ਸ੍ਰੀ ਰਾਮ ਰਾਇ ਜੀ ਨੇ ਬੜੀ ਯੋਗਤਾ ਨਾਲ ਦਿਤੇ। ਔਰੰਗਜ਼ੇਬ ਤੇ ਹੋਰ ਦਰਬਾਰੀ ਉਸ ਦੀ ਵਿਦਵਤਾ ਦੇ ਕਾਇਲ ਹੋ ਗਏ ਅਤੇ ਰਾਮ ਰਾਇ ਨੂੰ ਬੜਾ ਮਾਣ ਸਤਿਕਾਰ ਦਿੱਤਾ। ਨਤੀਜਾ ਇਹ ਹੋਇਆ ਕਿ ਸਾਹਿਬਜ਼ਾਦਾ ਰਾਮ ਰਾਇ ਲਿਹਾਜ਼ਦਾਰੀ ਵਿਚ ਆ ਕੇ ਇਕ ਮਹਾਨ ਭੁੱਲ ਕਰ ਬੈਠਾ। ਜਦੋਂ ਕਾਜ਼ੀ ਨੇ ਉਸ ਤੋਂ ਪੁੱਛਿਆ ਕਿ ਗੁਰੂ ਗ੍ਰੰਥ ਸਾਹਿਬ ਵਿਚ ਇਹ ਕਿਉਂ ਲਿਖਿਆ ਹੈ, "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ। ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।" (ਆਸਾ ਦੀ ਵਾਰ) ਤਾਂ ਸ੍ਰੀ ਰਾਮ ਰਾਇ ਕਹਿਣ ਲੱਗਾ, "ਮੁਸਲਮਾਨ" ਗਲਤੀ ਨਾਲ ਲਿਖਿਆ ਗਿਆ ਹੈ, ਦਰ-ਅਸਲ ਇਹ ਸ਼ਬਦ "ਬੇਈਮਾਨ" ਹੈ।

ਬਾਦਸ਼ਾਹ ਤੇ ਮੌਲਵੀ ਮੁਲਾਣੇ ਤਾਂ ਇਸ ਸਪੱਸ਼ਟੀਕਰਨ ਤੋਂ ਖੁਸ਼ ਹੋ ਗਏ ਤੇ ਸ੍ਰੀ ਰਾਮ ਰਾਇ ਨੂੰ ਡੇਹਰਾਦੂਨ ਵਿਚ ਜਾਗੀਰ ਦੇ ਦਿਤੀ, ਪਰ ਜਦੋਂ ਇਸ ਦਿਤੇ ਗਏ ਗਲਤ ਸਪੱਸ਼ਟੀਕਰਨ ਦਾ ਪਤਾ ਗੁਰੂ ਹਰਿ ਰਾਇ ਸਾਹਿਬ ਨੂੰ ਲੱਗਾ ਤਾਂ ਉਹ ਸਾਹਿਬਜ਼ਾਦਾ ਰਾਮ ਰਾਇ ਦੇ ਕਰਤੱਵ ਤੇ ਬਹੁਤ ਨਾਰਾਜ਼ ਹੋਏ ਅਤੇ ਮੁੜ ਉਸ ਨੂੰ ਮੱਥੇ ਨਾ ਲਾਇਆ। ਤੇ ਉਸ ਦੇ ਨਿਸਚੇ ਦੀ ਕਮਜ਼ੋਰੀ ਨੂੰ ਵੇਖ ਕੇ ਉਨ੍ਹਾਂ ਫੈਸਲਾ ਕਰ ਲਿਆ ਕਿ ਰਾਮ ਰਾਇ ਵਰਗੇ ਕਾਇਰ ਤੇ ਕਮਜ਼ੋਰ ਨਿਸਚੇ ਵਾਲੇ ਵਿਅਕਤੀ ਨੂੰ ਗੁਰੂ ਨਾਨਕ ਸਾਹਿਬ ਦੀ ਗੱਦੀ ਉਤੇ ਬੈਠ ਕੇ ਸਿੱਖ ਕੌਮ ਦੀ ਅਗਵਾਈ ਕਰਨ ਦਾ ਕੋਈ ਅਧਿਕਾਰ ਨਹੀਂ। ਇਸ ਲਈ ਉਨ੍ਹਾਂ ਨੇ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿਕ੍ਰਿਸ਼ਨ ਸਾਹਿਬ ਦਾ ਆਪਣੇ ਉਤਰਾਧਿਕਾਰੀ ਹੋਣ ਦਾ ਐਲਾਨ ਕਰ ਦਿਤਾ। ੬ ਅਕਤੂਬਰ ੧੬੬੧ ਨੂੰ ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰ-ਗੱਦੀ ਤੇ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਬਿਰਾਜਮਾਨ ਕਰ ਗਏ।

ਗੁਰੂ ਹਰਿਕ੍ਰਿਸ਼ਨ ਦਾ ਜਨਮ ੭ ਜੁਲਾਈ ੧੬੫੬ ਨੂੰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁਖੋਂ ਕੀਰਤਪੁਰ ਵਿਚ ਹੋਇਆ ਸੀ। ਗੁਰ ਗੱਦੀ ਤੇ ਬਿਰਾਜਮਾਨ ਹੋਣ ਸਮੇਂ ਆਪ ਦੀ ਉਮਰ ਪੰਜ ਸਾਲ ਤੇ ਤਿੰਨ ਮਹੀਨੇ ਦੀ ਸੀ। ਆਪ ਜੀ ਤਿੰਨ ਸਾਲ ਗੁਰ-ਗੱਦੀ ਤੇ ਬਿਰਾਜਮਾਨ ਰਹੇ, ੧੬੬੪ ਵਿਚ ਉਹ ਦਿੱਲੀ ਵਿਚ ਹੀ ਜੋਤੀ-ਜੋਤਿ ਸਮਾ ਗਏ। ਆਮ ਦੇਖਣ ਵਿਚ ਇਹ ਤਿੰਨ ਸਾਲ ਦਾ ਸਮਾਂ ਕੋਈ ਬਹੁਤ ਮਹੱਤਵਪੂਰਨ ਨਹੀਂ ਜਾਪਦਾ, ਪਰ ਜੋ ਗੱਲ ਇਸ ਸਮੇਂ ਵਿਚ ਮਹਾਨ ਪ੍ਰਭਾਵ ਪਾਉਣ ਵਾਲੀ ਹੋਈ, ਉਹ ਸੀ ਬਾਲਕ ਗੁਰੂ, ਗੁਰੂ ਹਰਿਕ੍ਰਿਸ਼ਨ ਸਾਹਿਬ ਦਾ "ਨਾ-ਮਿਲਵਰਤਣ ਦਾ ਸਿਧਾਂਤ"। ਬਾਦਸ਼ਾਹ ਔਰੰਗਜ਼ੇਬ ਸ੍ਰੀ ਰਾਮ ਰਾਇ ਰਾਹੀਂ ਘਰੋਗੀ-ਫੁੱਟ ਪਾਉਣ ਵਿਚ ਸਫਲ ਹੋ ਗਿਆ, ਕਿਉਂਕਿ ਉਸ ਨੂੰ ਕੁਝ ਸੁਆਰਥੀ ਲੋਕ ਅਜਿਹੇ ਮਿਲ ਗਏ ਸਨ ਜੋ ਸਿੱਖ ਸਿਧਾਂਤਾਂ ਨੂੰ ਕਮਜ਼ੋਰ ਕਰਨ



www.AKJ.Org

ਵਾਸਤੇ ਉਸ ਦੇ ਹੱਥ-ਠੋਕੇ ਬਣ ਗਏ ਸਨ। ਅਸਲ ਵਿਚ ਬਾਦਸ਼ਾਹ ਔਰੰਗਜ਼ੇਬ ਸਿੱਖ ਪ੍ਰਗਤੀਸ਼ੀਲ ਲਹਿਰ ਤੋਂ ਡਰਦਾ ਸੀ। ਉਸ ਨੂੰ ਡਰ ਸੀ ਕਿ ਜਿਉਂ ਜਿਉਂ ਇਹ ਲਹਿਰ ਬਲਵਾਨ ਹੋ ਰਹੀ ਹੈ ਤਿਉਂ ਤਿਉਂ ਲੋਕਾਂ ਅੰਦਰ ਜਾਗ੍ਰਤੀ ਆ ਰਹੀ ਹੈ। ਉਸ ਨੂੰ ਇਹ ਵੀ ਪਤਾ ਸੀ ਕਿ ਜਨਤਕ ਜਾਗ੍ਰਤੀ ਦਾ ਨਤੀਜਾ ਹੁੰਦਾ ਹੈ ਸਾਮਰਾਜਸ਼ਾਹੀ ਜੀ ਹਾਰ। ਇਸ ਲਈ ਔਰੰਗਜ਼ੇਬ ਸਿੱਖ ਸੰਗਠਨ ਨੂੰ ਢਾਹ ਲਾਉਣ ਤੇ ਤੁਲਿਆ ਹੋਇਆ ਸੀ ਤੇ ਇਸੇ ਪ੍ਰੋਗਰਾਮ ਅਧੀਨ ਉਸ ਨੇ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਦਿੱਲੀ ਬੁਲਾ ਭੇਜਿਆ।

ਔਰੰਗਜ਼ੇਬ ਦੇ ਕਹਿਣ ਤੇ ਰਾਜਾ ਜੈ ਸਿੰਘ ਨੇ ਆਪਣੇ ਖਾਸ ਦੀਵਾਨ ਪਰਸ ਰਾਮ ਨੂੰ ਕੀਰਤਪੁਰ ਭੇਜਿਆ। ਉਸ ਨੇ ਰਾਜਾ ਜੈ ਸਿੰਘ ਵਲੋਂ ਗੁਰੂ ਸਾਹਿਬ ਨੂੰ ਦਿੱਲੀ ਆਉਣ ਲਈ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਕਹਿ ਦਿਤਾ ਸੀ ਕਿ "ਉਨ੍ਹਾਂ ਨੂੰ ਦਿਲੀ ਜਾਣ ਤੋਂ ਕੋਈ ਇਨਕਾਰ ਨਹੀਂ, ਪਰ ਉਹ ਔਰੰਗਜ਼ੇਬ ਦੇ ਮੱਥੇ ਨਹੀਂ ਲੱਗਣਗੇ।"

> "ਗੁਰੂ ਸਾਹਿਬ ਨੇ ਕੀਰਤਪੁਰ ਤੋਂ ਚੱਲਣ ਲਗਿਆਂ ਹੀ ਕਹਿ ਦਿੱਤਾ ਸੀ ਕਿ ਰਾਜਾ ਜੈ ਸਿੰਘ ਦੇ ਬੇਨਤੀ ਕਰਨ ਅਤੇ ਦੀਵਾਨ ਪਰਸ ਰਾਮ ਨੂੰ ਉਚੇਚਾ ਭੇਜਣ ਤੇ ਅਸੀਂ ਦਿੱਲੀ ਤਾਂ ਚਲੇ ਜਾਂਦੇ ਹਾਂ, ਪਰ ਔਰੰਗਜ਼ੇਬ ਵਰਗੇ ਜਾਬਰ ਤੇ ਫ਼ਿਰਕੂ ਬਾਦਸ਼ਾਹ ਨੂੰ ਮਿਲਣਾ ਪਸੰਦ ਨਹੀਂ ਕਰਾਂਗੇ।"
>
> (ਹਿਸਟਰੀ ਐਂਡ ਫ਼ਿਲਾਸਫ਼ੀ ਆਫ਼ ਸਿੱਖ ਰਿਲੀਜਨ—ਡਾਕਟਰ ਖ਼ਜ਼ਾਨ ਸਿੰਘ)

ਗੁਰੂ ਸਾਹਿਬ ੧੬੬੪ ਵਿਚ ਕੀਰਤਪੁਰ ਤੋਂ ਦਿਲੀ ਵਲ ਚਲ ਪਏ। ਬਹੁਤ ਸਾਰੇ ਸਿੱਖ ਨਾਲ ਜਾਣਾ ਚਾਹੁੰਦੇ ਸਨ, ਕਿਉਂਕਿ ਉਹਨਾਂ ਨੂੰ ਗੁਰੂ ਅਰਜਨ ਸਾਹਿਬ ਦੇ ਲਾਹੌਰ ਜਾਣ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਗਵਾਲੀਅਰ ਜਾਣ ਦੀਆਂ ਘਟਨਾਵਾਂ ਦਾ ਪ੍ਰਤੀਕਰਮ ਪਤਾ ਸੀ। ਪਰ ਗੁਰੂ ਸਾਹਿਬ ਨੇ ਕੁਝ ਚੋਣਵੇਂ ਸਿੱਖਾਂ ਨੂੰ ਨਾਲ ਲਿਆ ਤੇ ਬਾਕੀ ਸਭਨਾਂ ਨੂੰ ਵਾਪਸ ਭੇਜ ਦਿੱਤਾ। ਅੰਬਾਲਾ ਦੇ ਨੇੜੇ ਪੰਜੋਖੜਾ ਵਿਖੇ ਗੁਰੂ ਸਾਹਿਬ ਨੇ ਇਕ ਅਹੰਕਾਰੀ ਬ੍ਰਾਹਮਣ ਲਾਲ ਚੰਦ ਦਾ ਅਹੰਕਾਰ ਤੋੜਨ ਖਾਤਰ ਇਕ ਗਰੀਬ ਝੀਵਰ ਛੱਜੂ ਕੋਲੋਂ ਗੀਤਾ ਦੇ ਸਲੋਕ ਦੇ ਅਰਥ ਕਰਵਾਏ ਅਤੇ ਦਿੱਲੀ ਪੁਜ ਕੇ ਰਾਜਾ ਜੈ ਸਿੰਘ ਦੇ ਬੰਗਲੇ ਵਿਚ ਜਾ ਨਿਵਾਸ ਕੀਤਾ। ਜਿਥੇ ਹੁਣ ਉਹਨਾਂ ਦੀ ਯਾਦ ਵਿਚ ਬੰਗਲਾ ਸਾਹਿਬ ਗੁਰਦੁਆਰਾ ਸਥਿਤ ਹੈ।

ਕਿਹਾ ਜਾਂਦਾ ਹੈ ਕਿ ਔਰੰਗਜ਼ੇਬ ਨੇ ਆਪਣੇ ਮਿਥੇ ਪ੍ਰੋਗਰਾਮ ਅਨੁਸਾਰ ਗੁਰੂ ਸਾਹਿਬ ਨੂੰ ਮਿਲਣ ਦੀ ਇਛਿਆ ਪ੍ਰਗਟਾਈ, ਪਰ ਦ੍ਰਿੜ੍ਹ ਇਰਾਦੇ ਦੇ ਮਾਲਕ ਗੁਰੂ ਸਾਹਿਬ ਨੇ "ਨਾ-ਮਿਲਵਰਤਣ" ਦੇ ਫ਼ੈਸਲੇ ਅਨੁਸਾਰ ਬਾਦਸ਼ਾਹ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ "ਨਾ-ਮਿਲਵਰਤਣ" ਲਹਿਰ ਦੇ ਮੋਢੀ ਗੁਰੂ ਹਰਿਕ੍ਰਿਸ਼ਨ ਸਾਹਿਬ ਸਨ, ਨਾ ਕਿ ਵੀਹਵੀਂ ਸਦੀ ਦਾ ਕੋਈ ਨੇਤਾ, ਜਿਸ ਤਰ੍ਹਾਂ ਕਿ ਆਮ ਪ੍ਰਚਾਰ ਕੀਤਾ ਜਾਂਦਾ ਹੈ। ਸਤਾਰ੍ਹਵੀਂ ਸਦੀ ਵਿਚ ਗੁਰੂ ਹਰਿਕ੍ਰਿਸ਼ਨ ਸਾਹਿਬ ਇਸ ਲਹਿਰ ਦਾ ਨਾ-ਕੇਵਲ ਮੁੱਢ ਹੀ ਬੰਨ੍ਹ ਚੁਕੇ ਸਨ, ਸਗੋਂ ਬੜੀ ਦਲੇਰੀ ਨਾਲ ਇਸ ਉਤੇ ਅਮਲ ਵੀ ਕਰ ਚੁਕੇ ਸਨ।

ਜਦੋਂ ਗੁਰੂ ਸਾਹਿਬ ਦਿੱਲੀ ਵਿਚ ਸਨ ਤਾਂ ਕਈ ਇਲਾਕਿਆਂ ਵਿਚ ਚੀਚਕ ਦੀ ਬੀਮਾਰੀ ਫੈਲ ਗਈ। ਸਰਬੱਤ ਦਾ ਭਲਾ ਚਾਹੁਣ ਵਾਲੇ ਗੁਰੂ ਸਾਹਿਬ ਆਪਣੇ ਸਿੱਖਾਂ ਨੂੰ ਨਾਲ ਲੈ ਕੇ ਪ੍ਰਭਾਵਤ ਇਲਾਕਿਆਂ ਵਿਚ ਜਾਂਦੇ ਤੇ ਗਰੀਬਾਂ, ਅਨਾਥਾਂ, ਲੋੜਵੰਦਾਂ ਦੀ ਹਰ ਪ੍ਰਕਾਰ ਸਹਾਇਤਾ ਕਰਦੇ। ਬੀਮਾਰ ਲੋਕਾਂ ਵਿਚ ਵਿਚਰਨ ਕਰਕੇ ਗੁਰੂ ਸਾਹਿਬ ਆਪ ਵੀ ਚੀਚਕ ਦੇ ਸ਼ਿਕਾਰ ਹੋ ਗਏ। ਉਨ੍ਹਾਂ ਨੇ ਆਪਣਾ ਅੰਤਮ ਸਮਾਂ ਨੇੜੇ ਆਇਆ ਵੇਖ ਕ ਫ਼ੁਰਮਾਇਆ, 'ਬਾਬਾ ਬਕਾਲੇ'। ਜਿਸ ਦਾ ਭਾਵ ਸੀ ਕਿ ਉਨ੍ਹਾਂ ਤੋਂ ਅਗਲੇ ਗੁਰੂ, ਜੋ ਰਿਸ਼ਤੇ ਵਿਚ ਉਨ੍ਹਾਂ ਦੇ ਬਾਬਾ ਜੀ ਹਨ, ਇਸ ਸਮੇਂ ਪਿੰਡ ਬਕਾਲਾ, ਜ਼ਿਲਾ ਅੰਮ੍ਰਿਤਸਰ ਵਿਚ ਨਿਵਾਸ ਕਰਦੇ ਹਨ। ਜੋਤੀ-ਜੋਤਿ ਸਮਾਉਣ ਸਮੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਆਯੂ ੭ ਸਾਲ ੮ ਮਹੀਨੇ ਤੇ ੧੯ ਦਿਨ ਸੀ। ਇਤਨੀ ਛੋਟੀ ਆਯੂ ਵਿਚ ਆਪ ਇਤਨਾ ਵੱਡਾ ਸਿਧਾਂਤ ਕਾਇਮ ਕਰ ਗਏ, ਇਹੋ ਵੀ ਗੁਰੂ ਸਾਹਿਬ ਦੀ ਵਿਲੱਖਣਤਾ ਤੇ ਵਡੱਪਣ ਦਾ ਸੂਚਕ ਹੈ।



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੨੮)
# ਮੁਗਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

ਜੱਟ ਹੋਰ ਸਾਰੇ ਨੁਕਸਾਨ ਜਰ ਸਕਦੈ, ਪਰ ਫ਼ਸਲ ਦਾ ਉਜਾੜਾ ਤੇ ਉਸਦੀ ਜ਼ਮੀਨ ਨਾਲ ਕੋਈ ਛੇੜਖ਼ਾਨੀ ਝਲਣੀ ਉਸ ਲਈ ਅਸੰਭਵ ਹੈ। ਚੌਧਰੀ ਸਾਹਿਬ ਰਾਏ ਸਰਾਸਰ ਹਿੱਕ ਦਾ ਧੱਕਾ ਕਰ ਰਿਹਾ ਸੀ। ਪਢਾਣੀਏ ਆਲੀ ਸਿੰਘ ਤੇ ਗੁਰਬਖ਼ਸ਼ ਸਿੰਘ, ਜੋ ਖੇਤੀ ਕਰਦੇ ਸਨ, ਨੇ ਚੌਧਰੀ ਪਾਸ ਆ ਕੇ ਫ਼ਸਲ ਦੇ ਉਜਾੜੇ ਦਾ ਦੁਖੜਾ ਫੋਲਿਆ ਤਾਂ ਚੌਧਰੀ ਅੱਗੋਂ ਚਮਕ ਪਿਆ। ਕਿਹਾ ਕਿ ਮੈਂ ਤੁਹਾਨੂੰ ਸਰਕਾਰ ਦੇ ਦੋਖੀਆਂ ਨੂੰ ਜਰੀ ਬੈਠਾ ਹਾਂ, ਤੁਸੀਂ ਮੇਰੀਆਂ ਘੋੜੀਆਂ ਚਰਦੀਆਂ ਨਹੀਂ ਜਰ ਸਕਦੇ। ਮੇਰੇ ਇਹਸਾਨ ਦਾ ਇਹ ਬਦਲਾ! ਤੁਹਾਨੂੰ ਆਖਿਆ ਜੁ ਕੁਝ ਨਹੀਂ, ਤੁਸੀਂ ਮਸਤ ਗਏ ਹੋ। ਮੇਰੇ ਬਚਾਏ ਜੀਊਂਦੇ ਫਿਰਦੇ ਹੋ। ਹੁਣ ਤੁਹਾਡੀ ਰਿਪੋਰਟ ਦੇ ਦਿਆਂ ਤਾਂ ਸਵੇਰ ਨੂੰ ਟੱਬਰਾਂ ਸਮੇਤ ਲਾਹੌਰ ਲੈ ਜਾ ਕੇ ਕੋਹਲੂ ਵਿਚ ਪੀੜ ਦੇਣਗੇ। ਕੀ ਸਮਝਦੇ ਹੋ ਆਪਣੇ ਆਪ ਨੂੰ? ਸਿੰਘਾਂ ਬੜੀ ਨਰਮੀ ਨਾਲ ਕਿਹਾ ਕਿ ਚੌਧਰੀ ਸਾਹਿਬ! ਤੁਹਾਡੇ ਇਹਸਾਨ ਨੂੰ ਮੰਨਦੇ ਹਾਂ, ਤੁਹਾਡਾ ਸਤਿਕਾਰ ਕਰਦੇ ਹਾਂ। ਅਸੀਂ ਕਦੀ ਵੀ ਤੁਹਾਡਾ ਕੋਈ ਨੁਕਸਾਨ ਨਹੀਂ ਕੀਤਾ। ਦਸਾਂ ਨਹੁੰਆਂ ਦੀ ਕਿਰਤ ਕਰਦੇ ਹਾਂ। ਤੁਹਾਡੇ ਕਹੇ ਨੂੰ ਸਿਰ ਮੱਥੇ ਰਖਦੇ ਹਾਂ। ਅਸਾਂ ਤਾਂ ਇਹੋ ਮਿੰਨਤ ਕੀਤੀ ਹੈ ਕਿ ਘੋੜੀਆਂ ਫ਼ਸਲਾਂ ਦਾ ਬੜਾ ਨੁਕਸਾਨ ਕਰਦੀਆਂ ਹਨ। ਜੇ ਇਨ੍ਹਾਂ ਨੂੰ ਬੰਨ੍ਹ ਕੇ ਰਖੋ ਤੇ ਪੱਠੇ ਬੇਸ਼ਕ ਸਾਡੇ ਹੀ ਵਢਾ ਕੇ ਪੁਆ ਲਵੋ ਤਾਂ ਕੋਈ ਹਰਜ ਨਹੀਂ, ਫ਼ਸਲਾਂ ਬਚ ਜਾਣਗੀਆਂ, -ਤੁਹਾਡੀ ਬੜੀ ਮਿਹਰਬਾਨੀ ਹੋਵੇਗੀ। "ਬੰਨ੍ਹ ਕੇ ਰਖੋ" ਦਿਆਂ ਸ਼ਬਦਾਂ ਨੇ ਤਾਂ ਚੌਧਰੀ ਨੂੰ ਸੱਤੀਂ ਕਪੜੀਂ ਅੱਗ ਲਾ ਦਿਤੀ। ਚਲੇ ਜਾਉ ਇਥੋਂ ਆਪਣੀਆਂ ਜਾਨਾਂ ਦੀ ਖ਼ੈਰ ਮਨਾਉ।[1] ਘੋੜੀਆਂ ਤਾਂ ਇੰਜ ਹੀ ਚਰਨਗੀਆਂ। ਬੰਨ੍ਹਣ ਲਈ ਮੇਰੇ ਪਾਸ ਰੱਸੇ ਨਹੀਂ। ਜੇ ਜ਼ਰੂਰ ਹੀ ਬੰਨ੍ਹਾਉਣੀਆਂ ਹਨ ਤਾਂ ਆਪਣੇ ਕੇਸ ਦਾੜ੍ਹੀਆਂ ਮੁੰਨ ਕੇ ਦੇ ਜਾਉ, ਮੈਂ ਇਨ੍ਹਾਂ ਦੇ ਰੱਸੇ ਵਟਾ ਕੇ ਪੁਆ ਦਿਆਂਗਾ। ਚੌਧਰੀ ਦੇ ਇਹ ਕੁਬੋਲ ਸਿੰਘਾਂ ਦੇ ਸੀਨੇ ਚੀਰ ਗਏ। ਇਸ ਤੋਂ ਵੱਡੀ ਹੋਰ ਕੀ ਨਿਰਾਦਰੀ ਹੋ ਸਕਦੀ ਸੀ! ਥਾਂ ਤੇ ਬਦਲਾ ਲੈ ਲੈਣ ਦੀ ਸਮਰੱਥਾ ਨਹੀਂ ਸੀ, ਝਿੱਸੀਆਂ ਵੱਟ ਕੇ ਘਰਾਂ ਨੂੰ ਉਠ ਗਏ।

ਘੋੜੀਆਂ ਦੇ ਉਜਾੜੇ ਦੇ ਨਾਲ ਚੌਧਰੀ ਨੇ ਜੋ ਹੋਰ ਵਿੜ੍ਹੀ ਚੜ੍ਹਾ ਦਿਤੀ ਸੀ, ਉਹ ਉਨ੍ਹਾਂ ਨੂੰ ਮੁੜ ਮੁੜ ਸੱਲ ਪਾ ਰਹੀ ਸੀ। ਅਣਖ ਖ਼ਾਤਰ ਬੰਦਾ ਸਿਰ ਦੀ ਵੀ ਬਾਜ਼ੀ ਲਾ ਦੇਂਦਾ ਹੈ। ਹੁਣ ਤਾਂ ਸਿਰੋਂ ਪਾਣੀ ਲੰਘ ਗਿਆ ਸੀ। ਦੋਵੇਂ ਭਰਾ ਸਿਧੇ ਪਿੰਡ "ਭੁਗੋ" ਨੂੰ ਵਗ ਤੁਰੇ। ਇਹ ਨੁਸ਼ਹਿਰਿਓਂ ਤਿੰਨਾਂ ਕੋਹਾਂ ਦੀ ਵਿਥ ਤੇ ਹੈ। ਬਘੇਲ ਸਿੰਘ ਤੇ ਅਮਰ ਸਿੰਘ, ਦੋ ਸਕੇ ਭਰਾ ਤੇ ਰਾਠ ਸਿੰਘ ਸਨ। ਜਾ ਫਤਹ ਬੁਲਾਈ ਤੇ ਸਾਰਾ ਹਾਲ ਦਸਿਆ। ਕੇਸਾਂ ਦਾੜ੍ਹਿਆਂ ਬਾਬਤ ਚੌਧਰੀ ਦੇ ਕੁਬੋਲਾਂ ਨੇ ਇਨ੍ਹਾਂ ਨੂੰ ਹੋਰ ਵੀ ਤਮਕ ਚੜ੍ਹਾ ਦਿਤੀ। ਬਘੇਲ ਸਿੰਘ ਨੇ ਕਿਹਾ ਕਿ ਚੌਧਰੀ ਨੇ ਬੜਾ ਵਾਧਾ ਕੀਤਾ ਹੈ। ਕੇਸਾਂ ਦੇ ਰੱਸਿਆਂ ਵਾਲੀ ਗੱਲ ਤਾਂ ਸਾਥੋਂ ਨਹੀਂ ਜਰੀ ਜਾਂਦੀ। ਘੋੜੀਆਂ ਨੂੰ ਤਾਂ ਐਸੇ ਰੱਸੇ ਪਾਵਾਂਗੇ ਕਿ ਯਾਦ ਪਿਆ ਕਰੂ। ਇਕ ਗੱਲ ਵਿਚਾਰ ਲਵੋ, ਘੋੜੀਆਂ ਤਾਂ ਅਸੀਂ ਪਲ ਚਿ ਖਪਾ ਦਿਆਂਗੇ, ਚੌਧਰੀ ਸਰਕਾਰ ਨਾਲ ਢੋਅ ਕਰਕੇ ਹੈਂਕੜ ਵਿਖਾਉਂਦਾ ਹੈ। ਮਗਰੋਂ ਤੁਹਾਡੇ ਤੇ ਬੜਾ ਕੱਸ ਪਾਊਗਾ। ਜੀਆ ਜੰਤ ਨੂੰ ਵੀ ਜਿਚ ਕਰੂਗਾ। ਗੁਰਬਖ਼ਸ਼ ਸਿੰਘ ਹੁਰਾਂ ਕਿਹਾ, ਕੁਝ ਵੀ ਹੋਵੇ, ਸਿਰ ਪਈ ਝਲਾਂਗੇ, ਪਰ ਗੀਦੀ ਬਣ ਕੇ ਨਹੀਂ ਜੀਵਿਆ ਜਾਂਦਾ। ਸਿੰਘਾਂ ਕਿਹਾ ਕਿ ਤੁਸੀਂ ਘਰ ਦੇ ਜੀਅ ਕੁਝ ਚਿਰ ਲਈ ਆਸੇ ਪਾਸੇ ਕਰ ਦਿਉ ਤੇ ਘੋੜੀਆਂ ਨੂੰ ਰੱਸੇ ਪੈ ਗਏ ਸਮਝੋ। ਦੋਹਾਂ ਭਰਾਵਾਂ ਟੱਬਰ-ਟੋਰ ਦੂਰ ਨੇੜੇ ਰਿਸ਼ਤੇਦਾਰਾਂ ਪਾਸ ਘਲਾ ਦਿਤੇ ਤੇ ਆਪ ਵੀ ਪਿੰਡੋਂ ਖਿਸਕ ਗਏ।

ਅਗਲੇਰੇ ਦਿਨ ਬਘੇਲ ਸਿੰਘ ਹੁਰਾਂ ਘੋੜੀਆਂ ਕੱਢ ਕੇ ਲਖਮੀਰ ਸਿੰਘ ਸੰਧੂ ਘਰਿਆਲੀਏ ਨੂੰ ਜਾ ਫੜਾਈਆਂ। ਉਸ ਨੇ ਦਰਿਆ ਟਪਾ ਮਾਲਵੇ ਜਾ ਵਾੜੀਆਂ ਤੇ ਸਰਦਾਰ ਆਲਾ ਸਿੰਘ ਪਟਿਆਲੀਏ ਪਾਸ



www.AKJ.Org

ਜਾ ਵੇਚੀਆਂ। ਵਟਕ ਲਿਆ ਢਿਲੋਂ ਭਰਾਵਾਂ ਨੂੰ ਫੜ ਈ ( ਘੇਲ ਸਿੰਘ,ਅਮਰ ਸਿੰਘ ਢਿਲੋਂ ਗੋਤਰ ਸਨ) ਤੇ ਉਨ੍ਹਾਂ ਭਾਈ ਤਾਰਾ ਸਿੰਘ "ਵਾਂ" ਦੇ ਲੰਗਰ ਵਿਚ ਪਾ ਦਿਤੀ। ਗੁਰਬਖ਼ਸ਼ ਸਿੰਘ, ਆਲੀ ਸਿੰਘ ਪਢਾਣੀਏ ਭਰਾ, ਬਘੇਲ ਸਿੰਘ ਤੇ ਅਮਰ ਸਿੰਘ ਇਹ ਚਾਰੇ ਭਾਈ ਤਾਰਾ ਸਿੰਘ "ਵਾਂ" ਦੇ ਵਾੜੇ ਆ ਗਏ। ਉਨ੍ਹਾਂ ਨੂੰ ਪਤਾ ਸੀ ਕਿ ਚੋਧਰੀ ਨੇ ਪੁਲਸ ਲੈ ਕੇ ਪਿਛਾ ਕਰਨੇ। ਤੇ ਭਾਈ ਤਾਰਾ ਸਿੰਘ ਦੇ ਵਾੜੇ ਨਾਲੋਂ ਹੋਰ ਕੋਈ ਵੱਡੀ ਠਾਹਰ ਨਹੀਂ।

ਭਾਈ ਤਾਰਾ ਸਿੰਘ "ਵਾਂ"--

"ਵਾਂ" ਪਿੰਡ ਅੱਜ ਦੇ ਹਿੰਦੁਸਤਾਨ ਦੀ ਪੱਛਮੀ ਸਰਹੱਦ ਲਾਗੇ ਖਾਲੜਾ ਥਾਣਾ ਤੇ ਜ਼ਿਲਾ ਅੰਮ੍ਰਿਤਸਰ ਦਾ ਇਕ ਤਕੜਾ ਪਿੰਡ ਹੈ। ਵੰਡ ਤੋਂ ਪਹਿਲਾਂ ਲਾਹੌਰ ਵਿਚ ਸੀ। ਭਾਈ ਤਾਰਾ ਸਿੰਘ, ਜੋ ਇਸ ਪਿੰਡ ਦੇ ਵਾਸੀ ਸਨ, ਨੇ ਪਿੰਡੋਂ ਬਾਹਰ ਆਪਣੇ ਖੇਤਾਂ ਵਿਚ ਕੱਚਾ ਬੁਰਜ ਉਸਾਰ ਕੇ ਕੋਠੇ ਪਾਏ ਹੋਏ ਸਨ ਤੇ ਨਾਲ ਇਕ ਤਕੜਾ ਵਾੜਾ ਵਲਿਆ ਹੋਇਆ ਸੀ। ਭਾਈ ਤਾਰਾ ਸਿੰਘ ਜੀ ਅੰਮ੍ਰਿਤ-ਧਾਰੀ, ਵਾਹਿਗੁਰੂ ਦਾ ਭਜਨ ਕਰਨ ਵਾਲੇ, ਬੜੇ ਸਿਦਕੀ ਸਿੰਘ ਸਨ। ਖੇਤੀ ਵਾਹੀ ਕਰ ਕੇ ਜੋ ਅੰਨ ਦਾਣਾ ਪੈਦਾ ਕਰਦੇ; ਉਸ ਨਾਲ ਲੰਗਰ ਚਲਾਉਂਦੇ ਤੇ ਆਏ ਗਏ ਦੀ ਸੇਵਾ ਕਰਦੇ। ਦੂਰ ਤਕ ਇਨ੍ਹਾਂ ਦੀ ਸੋਭਾ ਸੀ। ਮੁਗ਼ਲ ਸਰਕਾਰ ਦੇ ਵਿਰੁਧ ਲੜਨ ਵਾਲੇ ਹਥਿਆਰ-ਬੰਦ ਸਿੰਘਾਂ ਲਈ ਇਨ੍ਹਾਂ ਦਾ ਵਾੜਾ ਬੜੀ ਵੱਡੀ ਠਾਹਰ ਸੀ। ਵਾੜੇ ਦੇ ਵਿਚਕਾਰ ਇਕ ਚੋਖਾ ਡੂੰਘਾ ਕੁੰਡ ਪੁਟਿਆ ਹੋਇਆ ਸੀ, ਜਿਸ ਵਿਚ ਬੜੀਆਂ ਮੋਟੀਆਂ ਲਕੜਾਂ ਦੇ ਮੋਛੇ ਸੁੱਟ ਕੇ ਅੱਗ ਲਾਈ ਹੁੰਦੀ, ਜੋ ਸਿਆਲ ਵਿਚ ਅੱਠੇ ਪਹਿਰ ਧੁਖਦੀ ਮਘਦੀ ਰਹਿੰਦੀ। ਖ ੜਕੂ ਸਿੰਘ ਰਾਤ ਬਰਾਤੇ ਆਉਂਦੇ, ਲਾਗੇ ਪਏ ਰੁਖਾਂ ਦੇ ਮੁੱਢਾਂ ਦੇ ਖੂੰਗਾਂ ਨਾਲ ਘੋੜਿਆਂ ਦੀਆਂ ਲਗਾਮਾਂ ਅੜਾਉਂਦੇ, ਲੰਗਰੋਂ ਪਰਸ਼ਾਦਾ ਛਕਦੇ ਅਤੇ ਜੋ ਕੁਝ ਕੋਲ ਹੁੰਦਾ ਤਾਂ ਲੰਗਰ ਦੀ ਭੇਟਾ ਕਰ ਦੇਂਦੇ, ਪਹਿਰ ਦੋ ਪਹਿਰ ਕੁੰਡ ਦੁਆਲੇ ਨਿਘ ਵਿਚ ਆਰਾਮ ਕਰਦੇ, ਢਮਕਾ ਲਾ ਥਕੇਵਾਂ-ਅਕੜੇਵਾਂ ਭੰਨ, ਮੁੜ ਅਰਾਕਿਆਂ ਦੇ ਤੰਗ ਕੱਸਦੇ ਅਤੇ ਪਹਿਰ ਦੇ ਤੜਕੇ, ਅੰਨ੍ਹੇਰੇ ਅੰਨ੍ਹੇਰੇ ਕਿਸੇ ਨਵੇਂ ਸ਼ਿਕਾਰ ਦੀ ਟੋਹ ਵਿਚ ਝੰਡੇ ਬਲੰਦ ਕਰ ਜਾਂਦੇ। ਆਮ ਲੋੜਵੰਦਾਂ, ਬੁੜਿਆਂ ਤੇ ਟਟਿਆਂ ਲੋਕਾਂ, ਅਤੇ ਰਾਠ ਸਿੰਘਾਂ ਲਈ ਭਾਈ ਤਾਰਾ ਸਿੰਘ ਦਾ ਵਾੜਾ, ਬੜਾ ਵੱਡਾ ਆਸਰਾ ਸੀ। ਇਕ ਪੱਖੋਂ ਇਹ ਕੋਈ ਸਾਧਾਰਨ ਵਾੜਾ ਨਹੀਂ ਸੀ, ਬੜਾ ਵੱਡਾ ਕਿਲ੍ਹਾ ਸੀ, ਤੇ ਇਸ ਦਾ ਕਿਲ੍ਹੇਦਾਰ ਸੀ ਭਾਈ ਤਾਰਾ ਸਿੰਘ। ਇਸ ਕਿਲ੍ਹੇ ਦੀ ਕੋਈ ਫ਼ਸੀਲ ਕੰਧ, ਬੁਰਜ ਜਾ ਖਾਈ ਆਦਿ ਨਹੀਂ ਸੀ। ਭਾਈ ਜੀ ਦੀ ਬਲਵਾਨ ਤੇ ਮਹਾਨ ਆਤਮਾ, ਜਿਸ ਨੂੰ ਕਿਸੇ ਬੜੀ ਸਰਕਾਰ ਦਾ ਡਰ ਭਉ ਨਹੀਂ ਸੀ, ਜੋ ਲੋੜਵੰਦਾਂ ਤੇ ਦੁਖੀਆਂ ਦੀ ਬਾਂਹ ਫੜਨ ਲਈ ਸਦਾ ਤਤਪਰ ਰਹਿੰਦੀ ਸੀ, ਇਕ ਸ਼ਕਤੀਸ਼ਾਲੀ ਕਿਲ੍ਹੇ ਦਾ ਰੂਪ ਧਾਰਨ ਕਰ ਬੈਠੀ ਸੀ। ਚਾਰੇ ਸਿੰਘ "ਕਿਲ੍ਹੇ" ਵਿਚ ਪਹੁੰਚ ਗਏ ਸਨ।

ਚੋਧਰੀ ਸਾਹਿਬ ਰਾਏ ਵੀ ਮਗਰੇ ਵਾੜੇ ਵਿਚ--

ਮੁਗਲ ਸਰਕਾਰ ਦੀ ਫਿਰ ਚੋਧਰੀ ਦੀਆਂ ਘੋੜੀਆਂ ਕੋਈ ਲੈ ਜਾਵੇ, ਅੰਨ੍ਹੇਰ ਸਾਈਂ ਦਾ! ਚਾਰ ਚੁਫੇਰੇ ਥਲਕਾ ਮੱਚ ਗਿਆ। ਛੇਤੀ ਸੂਹ ਨਿਕਲ ਆਈ। ਚੋਧਰੀ ਆਪਣੇ ਹਥਿਆਰ-ਬੰਦ ਭਾਲੂ ਨਾਲ ਲੈ ਕੇ 'ਵਾਂ" ਵਾੜੇ ਵਿਚ ਆ ਪੁੱਜਾ। ਆਉਂਦਿਆਂ ਹੀ ਬੜੀ ਹੈਂਕੜ ਨਾਲ ਭਾਈ ਸਾਹਿਬ ਨੂੰ ਤਾੜਿਆ, "ਤੇਰੇ ਡੇਰੇ ਵਿਚ ਸਾਡੇ ਚੋਰ ਹਨ, ਭਲਾ ਇਸੇ ਵਿਚ ਹੈ ਕਿ ਇਨ੍ਹਾਂ ਨੂੰ ਸਾਡੇ ਹਵਾਲੇ ਕਰ ਦਿਉ, ਨਹੀਂ ਤਾਂ ਤੈਨੂੰ ਸਾਡੇ ਹੱਥਾਂ ਦਾ ਪਤਾ ਹੈ, ਚੋਰਾਂ ਵਾਲੀ ਦੁਰਦਸ਼ਾ ਤੇਰੀ ਕਰਾਂਗੇ ਤੇ ਜੋ ਪਰਪੰਚ ਰਚ ਕੇ ਇਹ ਵਾੜਾ ਬਣਾਇਆ ਹੋਇਆ ਹੈ, ਜੋ ਅਸਲ ਵਿਚ ਲੁਟੇਰਿਆਂ ਧਾੜਵੀਆਂ ਦਾ ਅੱਡਾ ਹੈ,ਪਲ ਵਿਚ ਸਾੜ ਫੂਕ ਕੇ ਸੁਆਹ ਕਰ ਦਿਆਂਗੇ। ਤੇਰੀਆਂ ਮੁਸ਼ਕਾਂ ਬੰਨ੍ਹ ਕੇ ਲਾਹੌਰ ਸੁੱਟਾਂਗੇ। ਛੇਤੀ ਕੱਢ ਬਾਹਰ ਸਾਡੇ ਚੋਰ, ਤੇ ਕਰ ਹਵਾਲੇ।" ਭਾਈ ਸਾਹਿਬ ਨੇ ਬੜੇ ਧੀਰਜ ਨਾਲ ਉੱਤਰ ਦਿੱਤਾ ਕਿ ਸਾਡੇ ਪਾਸ ਸਭ ਗੁਰੂ ਕੇ ਲਾਲ ਹੀ ਹਨ। ਇਥੇ ਚੋਰਾਂ-ਲੁਟੇਰਿਆਂ ਦਾ ਕੀ ਕੰਮ? ਚੋਰ ਤੇ ਸੀਨਾ-ਜ਼ੋਰ ਤੁਸੀਂ ਹੋ, ਜੋ ਗਰੀਬ ਕਿਰਤੀਆਂ ਦੀਆਂ ਫ਼ਸਲਾਂ ਉਜਾੜਦੇ ਹੋ। ਚੋਧਰੀ ਨੂੰ ਅੱਗੋਂ ਇਹੋ ਜਿਹੇ ਉੱਤਰ ਦੀ ਸੁਪਨੇ ਵਿਚ ਵੀ ਆਸ ਨਹੀਂ ਸੀ। ਉਹ ਤਾਂ ਸਮਝਦਾ ਸੀ ਕਿ ਉਸਦੇ ਜਾਹੋ ਜਲਾਲ ਨੂੰ ਵੇਖ ਕੇ


www.AKJ.Org

ਤਾਰਾ ਸਿੰਘ ਗਲ ਵਿਚ ਪੱਲਾ ਪਾ ਕੇ ਭੁਲਾਂ ਬਖਸ਼ਾਵੇਗਾ ਤੇ ਚਾਰੇ ਬੰਦੇ ਉਸ ਦੇ ਹਵਾਲੇ ਕਰ ਦੇਵੇਗਾ । ਪਰ ਅੱਗੋਂ ਇਹ ਕੀ ਬਣਿਆ ? ਆਪਣੇ ਬੰਦਿਆਂ ਸਾਹਮਣੇ ਇਕ ਮਾਮੂਲੀ ਸਿੱਖ ਪਾਸੋਂ ਐਸੀ ਹੇਠੀ ! ਕਾਹਦਾ ਰੁਅਬਦਾਬ ਹੋਇਆ ! ਇਥੇ ਕੁਛ ਨਾ ਕੀਤਾ ਤਾਂ ਜਣਾ ਖਣਾ ਅੱਗੋਂ ਆਕੜੂ। ਆਪਣੀ ਚੋਧਰਾਇਤ ਦਾ ਦਬਦਬਾ ਆਸਮਾਨ ਤੇ ਚੜ੍ਹਾਉਣ ਲਈ ਕੜਕ ਕੇ ਬੋਲਿਆ—ਤੁਸਾਂ ਲੋਕਾਂ ਨੇ ਸਿਧੇ ਤਰੀਕੇ ਨਾਲ ਗੱਲ ਨਹੀਂ ਸਮਝਣੀ, ਜੁੱਤੀਆਂ ਖਾ ਕੇ ਸਿਧਿਆਂ ਹੋਣਾ ਏ। ਤਾਰਾ ਸਿੰਘ ਨੇ ਕਿਹਾ, ਚੌਧਰੀ, ਜ਼ਬਾਨ ਨੂੰ ਲਗਾਮ ਦੇਹ। ਘਰ ਆਏ ਦਾ ਲਿਹਾਜ਼ ਮਾਰਦਾ ਹੈ, ਨਹੀਂ ਤਾਂ ਤੇਰੀ ਜ਼ਬਾਨ ਜੜ੍ਹੋਂ ਖਿਚ ਦੇਂਦੇ । ਤੇਰਾ ਭਲਾ ਏਸੇ ਵਿਚ ਹੈ ਕਿ ਆਪਣਾ ਲਾਮ ਲਸ਼ਕਰ ਲੈ ਕੇ ਜਿਧਰੋਂ ਆਇਆਂ, ਵਾਪਸ ਮੁੜ ਜਾ। ਹੁਣ ਅੱਗੇ ਜ਼ਬਾਨੋਂ ਕੋਈ ਕੁਬੋਲ ਕੱਢਿਆ ਤਾਂ ਸਾਨੂੰ ਇਲਾਜ ਕਰਨਾ ਵੀ ਆਉਂਦਾ ਹੈ। ਸ਼ੇਰਾਂ ਦੇ ਘੁਰਿਆਂ ਵਿਚ ਆ ਕੇ ਜਿਹੜਾ ਗਿਦੜ ਹਵਾਂਕੂ, ਉਹ ਜੀਊਂਦਾ ਬਚ ਕੇ ਕਿਵੇਂ ਮੁੜ ਜਾਊ ! ਜਾਹ ਆਪਣੀ ਜਾਨ ਸਲਾਮਤ ਲੈ ਜਾ, ਅਸੀਂ ਤੇਰੇ ਵਰਗੇ ਨੀਚ ਤੇ ਗੀਦੀ ਦਾ ਖ਼ੂਨ ਆਪਣੇ ਸਿਰ ਨਹੀਂ ਲੈਣਾ ਚਾਹੁੰਦੇ। ਸਾਰੀ ਚੰਡਾਲ-ਚੌਕੜੀ ਲੈ ਕੇ ਰਾਹੇ ਪੈ ਜਾ। ਚੌਧਰੀ ਨੇ ਫਿਰ ਦੂਜੀ ਵਾਰ ਜਦ "ਜੁੱਤੀਆਂ" ਸ਼ਬਦ ਜ਼ੁਬਾਨ ਤੇ ਲਿਆਂਦਾ ਹੀ ਸੀ ਕਿ ਇਕ ਸਿੰਘ ਨੇ ਉਲਦ ਕੇ ਗਾਟੇ ਪਰਨੇ ਮਾਰਿਆ, ਉਸ ਦੇ ਫੰਡੇ ਜਿਹੇ ਪੁਟ ਕੇ ਭੁੰਜੇ ਖਿਲਾਰ ਦਿਤੇ। ਦੂਜਿਆਂ ਹੋਰ ਸਿੰਘਾਂ ਨੇ ਛਿਤਰਾਂ ਨਾਲ ਉਸਦਾ ਸਿਰ ਤੇ ਮੂੰਹ ਮੁੰਢ ਵਾਂਗ ਕੁਟ ਸੁਟਿਆ। ਨਾਲ ਦੇ ਹਮਾਇਤੀ ਹਥਿਆਰ-ਬੰਦਾਂ ਤੇ ਪੁਲਸ ਨੇ ਪਲ ਨਹੀਂ ਲਾਇਆ। ਚੌਧਰੀ ਕੱਟੀਦਾ ਛੱਡ ਕੇ ਲੀਕਾਂ ਤੋੜ ਗਏ। ਹਾੜੇ ਕੱਢ, ਤੇ ਗੁਰੂ ਦਾ ਵਾਸਤਾ ਪਾ ਕੇ ਛੁੱਟਾ। ਮੂੰਹ ਸਿਰ ਸੁੱਜ ਕੇ ਸੱਜਰੇ ਆਵੀਓਂ ਉੱਤਰੇ ਦੋਰੇ ਵਰਗਾ ਹੋ ਗਿਆ। ਭਾਈ ਤਾਰਾ ਸਿੰਘ ਨੇ ਕਿਹਾ, ਚੌਧਰੀ ! ਤੇਰੀ ਧੌਣ ਚੋਂ ਸਰਕਾਰੀ ਤਾਕਤ ਦੀ ਸ਼ਹਿ ਦਾ ਕਿੱਲਾ ਕੱਢ ਦਿਤਾ ਹੈ। ਤੇਰੀ ਇਕ ਸਰਕਾਰ ਲਾਹੌਰ ਤੇ ਦੂਜੀ ਵੱਡੀ ਸਰਕਾਰ ਦਿੱਲੀ ਹੈ। ਜਿਸਨੂੰ ਤੇਰਾ ਜੀਅ ਕਰੇ, ਸਾਡੇ ਵਲੋਂ ਬੇਸ਼ਕ ਦੋਹਾਂ ਨੂੰ ਹੀ ਚੜ੍ਹਾ ਲਿਆ ਸਾਡੇ ਤੇ। ਜੇ ਤੂੰ ਵਾਕਿਆ ਹੀ ਆਪਣੇ ਪਿਉ ਦਾ ਪੁਤ ਹੈਂ ਤਾਂ ਆਪਣੀਆਂ ਘੋੜੀਆਂ ਲਭ ਕੇ ਤੇ ਮੁੜਾ ਕੇ ਵਿਖਾਵੀਂ । ਜਿਥੇ ਤੇਰਾ ਜ਼ੋਰ ਲਗਦੈ ਲਾ ਲੈ, ਅਸੀਂ ਗੁਰੂ ਦੀ ਕਿਰਪਾ ਨਾਲ ਇਥੇ ਹੀ ਗੱਜਾਂਗੇ। ਜਾ ਹੁਣ ਜਿਧਰ ਤੇਰਾ ਜੀਅ ਕਰਦੈ, ਨਿਕਲ ਜਾ ਇਥੋਂ। ਚੌਧਰੀ ਨੇ ਬੜੀ ਨੀਂਵੀਂ ਆਵਾਜ਼ ਤੇ ਡਾਢੀ ਨਿਮਰਤਾ ਨਾਲ ਕਿਹਾ, ਮੇਰੀ ਭੁਲ ਬਖਸ਼ੋ, ਮੈਂ ਕਿਤੇ ਨਹੀਂ ਜਾਣਾ। ਮੇਰੇ ਮੂੰਹੋਂ ਕੁਬੋਲ ਨਿਕਲੇ, ਜਿਸਦਾ ਖਮਿਆਜ਼ਾ ਮੈਂ ਭੁਗਤ ਲਿਆ ਹੈ। ਮੈਂ ਤੁਹਾਡੇ ਸਿਰ ਆਉਣ ਜੋਗਾ ਨਹੀਂ। ਮੇਰਾ ਤੁਹਾਡੇ ਨਾਲ ਕੀ ਮੁਕਾਬਲਾ ਹੈ। ਮੇਰੀ ਭੁਲ ਬਖਸ਼ੋ। ਇਹ ਕਹਿੰਦਾ ਹੋਇਆ ਚਾਟੂ ਦੇ ਗਫੇ ਦਾ ਭੰਨਿਆ ਹੋਇਆ ਚੌਧਰੀ ਵਾੜਿਓਂ ਬਾਹਰ ਨਿਕਲ ਗਿਆ।

'ਵਾਂ' ਪਿੰਡੋਂ ਕੋਹ ਕੁ ਵਿਥ ਤੇ ਉਸਦੇ ਸਾਥੀ ਭਾਲੂ ਖੜੇ ਉਡੀਕਦੇ ਸਨ ਤੇ ਵਿਚਾਰਾਂ ਪਏ ਕਰਦੇ ਸਨ ਕਿ ਵੇਖੀਏ ਚੌਧਰੀ ਜੀਊਂਦਾ ਬਚ ਕੇ ਆਉਂਦਾ ਹੈ ਕਿ ਨਹੀਂ ? ਕੁਝ ਚਿਰ ਬਾਅਦ ਚੌਧਰੀ ਮੂੰਹ ਸਿਰ ਵਲ੍ਹੇਟੀ ਤੇ ਹੂੰਗਦਾ ਹੋਇਆ ਆ ਗਿਆ। ਪੁਲਸ ਤੇ ਸਾਥੀਆਂ ਪੁਛਿਆ, ਚੌਧਰੀ ਸਾਹਿਬ ! ਹੁਣ ਕੀ ਕਰਨਾ ਤੇ ਕਿਧਰ ਨੂੰ ਚਲਣਾ ਹੈ ? ਓਥੇ ਤਾਂ ਚੌਧਰੀ ਕਹਿ ਆਇਆ ਸੀ ਕਿ ਉਹ ਕਿਧਰੇ ਨਹੀਂ ਜਾਂਦਾ, ਪਰ ਉਸ ਦੀ ਹਾਲਤ ਬੜੀ ਮੰਦੀ ਹੋਈ ਸੀ ਤੇ ਬੇਇਜ਼ਤੀ ਦਾ ਬਦਲਾ ਲੈਣ ਦੀ ਕਸਕ ਨੇ ਸਾਰਿਆਂ ਨੂੰ ਪੱਟੀ ਦੇ ਫੌਜਦਾਰ ਵੱਲ ਤੋਰ ਦਿਤਾ। ਸਭ ਹੋਈ ਬੀਤੀ ਦੱਸੀ। ਜਾਅਫ਼ਰ ਬੇਗ ਤੇ ਉਸਦਾ ਭਤੀਜਾ ੮੦ ਕੁ ਸਵਾਰਾਂ ਤੇ ਪਿਆਦਿਆਂ ਦੀ ਨਫਰੀ ਚੜ੍ਹਾ ਲਿਆਇਆ। ਤੜਕਸਾਰ "ਵਾਂ" ਆਣ ਲੱਥੇ। ਉਨ੍ਹਾਂ ਦਾ ਇਰਾਦਾ ਸਿੰਘਾਂ ਨੂੰ ਸੁੱਤਿਆਂ ਹੀ ਦੱਬ ਲੈਣ ਦਾ ਸੀ। ਮੂੰਹ-ਅਨ੍ਹੇਰੇ ਸ: ਬਘੇਲ ਸਿੰਘ ਜੰਗਲ ਮੈਦਾਨ ਲਈ ਬਾਹਰ ਨਿਕਲਿਆ। ਓਪਰੀਆਂ ਮਨੁਖੀ ਅਵਾਜ਼ਾਂ ਦੀ ਬਿੜਕ ਲੈ ਕੇ ਲਲਕਾਰਿਆ ਕਿ ਕੌਣ ਹੋ ਤੁਸੀਂ ਇਸ ਵਲੇ ਏਥੇ ? ਚੌਧਰੀ ਨੇ ਆਵਾਜ਼ ਪਛਾਣ ਕੇ ਫ਼ੌਜਦਾਰ ਨੂੰ ਕਿਹਾ, ਕਿ ਸਾਰੇ ਪੁਆੜੇ ਦੀ ਜੜ੍ਹ ਇਹੋ ਜੇ ਬਘੇਲ ਸਿੰਘ। ਸਵਾਰਾਂ ਹੁਕਮ ਪਾ ਕੇ ਸਿੰਘ ਨੂੰ ਘੇਰਨਾ ਚਾਹਿਆ। ਉਹ ਇਹੋ ਜਿਹੇ ਮੌਕਿਆਂ ਨੂੰ ਭਾਲ ਕੇ ਲਭਣ ਵਾਲਾ ਇਸ ਧਾੜ ਨੂੰ ਕੀ ਸਮਝਦਾ ਸੀ ? ਨਹੀਂ ਚਾਹਿਆ ਕਿ ਵਾੜੇ ਵੱਲ ਪਿਛਾਂਹ ਹਟੇ ਜਾਂ ਸਿੰਘਾਂ ਨੂੰ ਅਵਾਜ਼ਾ ਦੇਵੇ। ਜਦ ਗੋਲੀ ਦਗੀ, ਪਤਾ ਲੱਗ ਹੀ ਜਾਣਾ ਹੈ। ਮੂਹਰੇ ਵਧੇ ਆਉਂਦੇ



www.AKJ.Org

ਸਵਾਰ ਦੇ ਮੱਥੇ ਵਿਚ ਵਗਾਹਤਾ (ਚਲਾਵਾਂ) ਜਲ ਦਾ ਭਰਿਆ ਗੜਵਾ ਮਾਰਿਆ, ਜੋ ਉਸ ਦੇ ਹੱਥ ਵਿਚ ਸੀ। ਬਘੇਲ ਸਿੰਘ ਚਹੁੰ ਪੰਜਾਂ ਬੰਦਿਆਂ ਦੀ ਤਾਕਤ ਰਖਦਾ ਸੀ। ਐਸੇ ਬਲਵਾਨ ਬੰਦੇ ਦਾ ਚਲਾਇਆ ਗੜਵਾ ਥਹਿ ਮੱਥੇ ਵਿਚ ਵੱਜਾ ਤੇ ਸਵਾਰ ਘੋੜਿਓਂ ਉਲਟ ਕੇ ਭੁੰਜੇ ਆਣ ਡਿੱਗਾ। ਦੂਜੇ ਸਵਾਰ ਵਲ ਵਧ ਕੇ ਉਸਨੂੰ ਆਪਣੇ ਨੇਜ਼ੇ ਨਾਲ ਅੜੁੰਬ ਕੇ ਥਲੇ ਮਾਰਿਆ। ਸੰਘਣੇ ਰੁਖ ਤੇ ਉਤੋਂ ਅੰਨ੍ਹੇਰਾ। ਸਿੰਘ ਨੇ ਛੋਹਲੇ ਹੱਥ ਮਾਰ ਕੇ ਕਈ ਕਾਠੀਆਂ ਖ਼ਾਲੀ ਕਰ ਦਿਤੀਆਂ। ਘਾਇਲਾਂ ਦੀਆਂ ਚੀਕਾਂ ਤੇ ਸਵਾਰਾਂ ਦੇ ਲਲਕਾਰੇ, ਜਵਾਨੋ! ਅਗੇ ਵਧੋ, ਘੇਰੋ, ਨਿਕਲ ਨਾ ਜਾਵੇ। ਬੜਾ ਰੌਲਾ ਮੱਚਿਆ। ਬਘੇਲ ਸਿੰਘ, ਜੋ ਥਾਂ ਦਾ ਭੇਤੀ ਸੀ, ਨੇ ਅੰਨ੍ਹੇਰੇ ਵਿਚ ਰੁਖਾਂ ਦੀ ਓਟ ਲੈ ਲੈ ਕੇ ਕਈ ਸਵਾਰ ਚੀਰ ਪਾੜ ਸੁਟੇ। ਏਨੇ ਨੂੰ ਪੈਦਲ ਬੰਦੂਕਚੀ ਪਹੁੰਚ ਗਏ ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ। ਪਹਿਲਾਂ ਆਵਾਜ਼ਾਂ ਤੇ ਹੁਣ ਵਾਲੇ ਖੜਕੇ ਨੂੰ ਸੁਣ ਕੇ ਵਾੜੇ ਵਾਲੇ ਸਿੰਘ ਵੀ ਜੈਕਾਰੇ ਛਡਦੇ ਹੋਏ ਨੱਸੇ ਆਏ। ਫ਼ੌਜ ਪਲ ਵੀ ਨਾ ਅੜੀ। ਜਿਧਰੋਂ ਆਏ ਸਨ, ਉਧਰ ਹੀ ਤਿੱਤਰ ਬਿੱਤਰ ਹੋ ਗਈ। ਹਰਫਲੇ ਹੋਏ ਤੇ ਪਿਛਾਂਹ ਨੂੰ ਭਜੇ ਜਾਂਦੇ ਇਕ ਬੁਜ਼ਦਿਲ ਦੀ ਗੋਲੀ ਬਘੇਲ ਸਿੰਘ ਦੇ ਆਣ ਵੱਜੀ। ਫੱਟ ਬੜਾ ਕਾਰੀ ਸੀ, ਸਿੰਘ ਸ਼ਹੀਦੀ ਜਾਮ ਪੀ ਗਿਆ।

ਜਾਅਫ਼ਰ ਬੇਗ ਤੇ ਉਸ ਦੇ ਭਗੌੜੇ ਸੈਨਿਕ ਨੇ, ਮਾੜੀ ਕੰਬੋਕੀ, ਜੋ ਦੋ ਕੁ ਕੋਹ ਦੇ ਫਾਸਲੇ ਤੇ ਹੈ, ਜਾ ਦਮ ਲਿਆ। ਇਥੋਂ ਨੰਬਰਦਾਰਾਂ ਨੂੰ ਗੱਡੇ ਦੇ ਕੇ 'ਵਾਂ' ਘਲਾਇਆ ਕਿ ਸਾਡੇ ਮਰਨ ਵਾਲਿਆਂ ਦੀਆਂ ਲਾਸ਼ਾਂ ਲਿਆ ਦਿਉ। ਨੰਬਰਦਾਰਾਂ ਭਾਈ ਸਾਹਿਬ ਨੂੰ ਜਾ ਬੇਨਤੀ ਕੀਤੀ ਕਿ ਫ਼ੌਜਦਾਰ ਮਿੰਨਤ ਕਰਦਾ ਹੈ ਕਿ ਲਾਸ਼ਾਂ ਤੇ ਫਟੜ ਸਾਨੂੰ ਦੇ ਦਿਤੇ ਜਾਣ। ਲਾਸ਼ਾਂ ਤੇ ਜ਼ਖਮੀ ਹੋਏ ਸੈਨਿਕ ਚੁਕ ਲੈ ਜਾਣ ਦੀ ਆਗਿਆ ਪਾ ਕੇ ਨੰਬਰਦਾਰਾਂ ਇਨ੍ਹਾਂ ਨੂੰ ਲੱਦ ਕੇ ਮਾੜੀ ਕੰਬੋਕੀ ਲੈ ਆਂਦਾ। ਇਥੇ ਚੌਧਰੀ ਨੂੰ ਪਤਾ ਲੱਗਾ ਕਿ ਉਸਦਾ ਭਤੀਜਾ ਹਿੰਮਤ ਬੇਗ (ਜ਼ਫ਼ਰ ਬੇਗ ?) ਵੀ ਮਰਨ ਵਾਲਿਆਂ ਵਿਚ ਹੈ। ਫ਼ੌਜਦਾਰ ਨੇ ਬੜਾ ਸੋਗ ਮਨਾਇਆ। ਲਾਸ਼ਾਂ ਹਾਥੀ ਤੇ ਲੱਦ ਕੇ ਲਾਹੌਰ ਲੈ ਜਾ ਕੇ ਜ਼ਕਰੀਆ ਖ਼ਾਨ, ਜੋ ਥੋੜਾ ਅਰਸਾ ਪਹਿਲਾਂ ਨਾਜ਼ਿਮ ਬਣਿਆ ਸੀ, ਦੇ ਮੂਹਰੇ ਲਿਆ ਰਖੀਆਂ ਤੇ ਸਾਰੀ ਗੱਲ ਬੜੀ ਵਧਾ ਚੜ੍ਹਾ ਕੇ ਦਸੀ। ਕਿਹਾ ਕਿ ਤਾਰਾ ਸਿੰਘ ਦੀ ਤਾਕਤ ਦੀ ਕੋਈ ਹਾਥ ਨਹੀਂ। ਛੇਤੀ ਕਰਵਾਈ ਜਾਵੇ, ਨਹੀਂ ਤਾਂ ਵੇਲਾ ਹੱਥ ਨਹੀਂ ਆਉਣਾ।

ਜ਼ਕਰੀਆ ਖ਼ਾਨ ਤਾਂ ਆਇਆ ਹੀ ਸਿੱਖਾਂ ਦੀ ਅਲਖ ਮੁਕਾਉਣ ਲਈ ਸੀ। ਝਟ ਤਿਆਰੀ ਦਾ ਹੁਕਮ ਦਿਤਾ। ਚਾਰ ਤੋਪਾਂ, ੨੪ ਛੋਟੀਆਂ ਤੋਪਾਂ (ਰਹਿਕਲੇ ਜੋ ਊਠਾਂ ਤੇ ਫ਼ਿਟ ਹੁੰਦੇ ਸਨ), ਤਿੰਨ ਕੁ ਹਜ਼ਾਰ ਸਵਾਰ ਤੇ ਪੈਦਲਾਂ ਨੂੰ ਭਾਈ ਤਾਰਾ ਸਿੰਘ ਉਤੇ ਚੜ੍ਹਾਈ ਦਾ ਹੁਕਮ ਹੋ ਗਿਆ। ਲਾਹੌਰ ਵਿਖੇ ਜਦ ਤਿਆਰੀ ਹੋ ਰਹੀ ਸੀ ਤਾਂ ਇਕ ਸਿੱਖ ਨੇ 'ਵਾਂ' ਪੁੱਜ ਕੇ ਸਾਰੀ ਗੱਲ ਭਾਈ ਤਾਰਾ ਸਿੰਘ ਨੂੰ ਆਣ ਦਸੀ ਤੇ ਬੇਨਤੀ ਕੀਤੀ ਕਿ ਲਾਹੌਰ ਦੀ ਸੰਗਤ ਦੀ ਰਾਏ ਤੇ ਬੇਨਤੀ ਹੈ ਕਿ ਵਾੜਿਓਂ ਤੁਸੀਂ ਦੋ ਚਾਰ ਦਿਨ ਲਈ ਲਾਂਭ ਚਾਂਭ ਹੋ ਜਾਵੋ। ਫ਼ੌਜ ਆਵੇਗੀ ਤੇ ਝਖ ਮਾਰ ਕੇ ਵਾਪਸ ਮੁੜ ਜਾਵੇਗੀ। ਤੁਸੀਂ ਮੁੜ ਵਾੜੇ ਆ ਡੇਰਾ ਕਰਨਾ। ਬਚਾਅ ਕਰ ਲੈਣ ਵਿਚ ਕੋਈ ਹਰਜ ਨਹੀਂ। ਸਿੰਘ ਇਸ ਹਮਦਰਦੀ ਦੇ ਸਤਿਕਾਰ ਵਜੋਂ ਸਤਲੁਜੋਂ ਪਾਰ ਹੋਣ ਲਈ ਤੁਰ ਪਏ। ਉਸ ਵੇਲੇ ੫੨ ਕੁ ਸਿੰਘ ਨਾਲ ਸਨ। ਸਤਲੁਜ ਉਸ ਵੇਲੇ ਬਹਾਦਰ ਨਗਰ (ਪਿੰਡ ਵਲਟੋਹੇ ਤੋਂ ਤਿੰਨ ਕਿਲੋ ਮੀਟਰ ਦੱਖਣ ਚੜ੍ਹਦੇ ਵਿਚ ਤੇ ਵਲਟੋਹਾ ਰੇਲਵੇ ਸਟੇਸ਼ਨ ਤੋਂ ਸਿਰਫ਼ ਅੱਧਾ ਕਿਲੋ ਮੀਟਰ) ਦੇ ਬਿਲਕੁਲ ਨਾਲ ਵਗਦਾ ਸੀ ਤੇ ਇਥੇ ਪਤਣ ਪੈਂਦਾ ਸੀ। ਬੇੜੀ ਚੜ੍ਹਨ ਤੋਂ ਪਹਿਲਾਂ ਭਾਈ ਸਾਹਿਬ ਨੇ ਕਿਹਾ, "ਵਾੜਾ" ਮਾਲਿਕ ਦੇ ਹੁਕਮ ਤੋਂ ਬਿਨਾਂ ਹੀ ਛੱਡ ਕੇ ਆਪ-ਮੁਹਾਰੇ ਹੀ ਆ ਗਏ ਹਾਂ, ਹੁਣ ਹੀ ਭੁਲ ਬਖਸ਼ਾ ਲਈਏ। ਹੁਕਮ ਲਈਏ ਕਿ ਉਸ ਦੀ ਕੀ ਰਜ਼ਾ ਹੈ। ਉਨ੍ਹਾਂ ਦੇ ਗਾਤਰੇ ਹਮੇਸ਼ਾ ਦਸ ਗੁੰਥੀ ਹੁੰਦੀ ਸੀ। ਖੋਲ੍ਹ ਕੇ ਹੁਕਮਨਾਮਾ ਲਿਆ, ਜਿਸ ਦਾ ਭਾਵ ਅਰਥ ਇਹ ਸੀ ਕਿ ਜੋ ਕੁਝ ਹੋ ਰਿਹਾ ਹੈ ਤੇ ਅੱਗੇ ਹੋਵੇਗਾ, ਸਭ ਕੁਝ ਮਾਲਿਕ ਦੇ ਭਾਣੇ ਵਿਚ ਹੈ। ਜੇ ਕੋਈ ਚਾਹਵੇ ਕਿ ਮੌਤ ਤੋਂ ਬਚਾਅ ਲਈ ਕਿਸੇ ਕੂਟ ਨੱਸ ਕੇ ਬਚ ਜਾਵੇ, ਇਹ ਨਹੀਂ ਹੋ ਸਕਦਾ। ਭਾਈ ਤਾਰਾ ਸਿੰਘ ਨੇ ਕਿਹਾ, ਜੋ ਹੁਕਮਨਾਮਾ ਬਖਸ਼ਿਸ਼ ਹੋਇਆ,


www.AKJ.Org

ਬਿਲਕੁਲ ਸਾਫ਼ ਸਪੱਸ਼ਟ ਹੈ ਕਿ ਅਸੀਂ ਅੱਗੇ ਨਹੀਂ ਜਾ ਸਕਦੇ। ਅਸੀਂ ਤਾਂ ਇਥੋਂ ਵਾਪਸ ਮੁੜਦੇ ਹਾਂ। ਜਿਸ ਦਾ ਜੀਅ ਕਰਦੈ ਅੱਗੇ ਚਲਿਆ ਜਾਵੇ, ਜਿਸ ਨੇ ਸਾਡੇ ਨਾਲ ਸ਼ਹਾਦਤ ਪ੍ਰਾਪਤ ਕਰਨੀ ਹੈ ਖੁਸ਼ੀ ਨਾਲ ਆਵੇ। ਉਸ ਨਾਲ ੧੯ ਸਿੰਘ ਵਾਪਸ 'ਵਾਂ' ਮੁੜ ਆਏ, ਬਾਕੀ ਸਤਲੁਜੋਂ ਪਾਰ ਲੰਘ ਗਏ।

ਇੱਥੇ ਆ ਕੇ ਉਹ ਮੁਗਲ ਫ਼ੌਜ ਦੀ ਉਡੀਕ ਵਿਚ ਬੈਠ ਗਏ। ਆਸ ਪਾਸ ਦਿਆਂ ਲੋਕਾਂ ਨੂੰ ਦਿਸਦਾ ਸੀ ਕਿ ਭਾਣਾ ਬੀਤ ਕੇ ਰਹਿਣਾ ਹੈ। ਸਾਰੇ ਆ ਆ ਕਹਿਣ ਕਿ ਸਿੰਘੋ! ਕੁਝ ਦਿਨਾਂ ਲਈ ਟਿਕਾਣਾ ਹੋਰ ਕਿਤੇ ਕਰ ਲਵੋ, ਪਰ ਉਹ ਸ਼ਹਾਦਤ ਲਈ ਦ੍ਰਿੜ੍ਹ ਸਨ।

ਲਾਹੌਰੋਂ ਚੜ੍ਹ ਕੇ ਆਉਣ ਵਾਲੀ ਫ਼ੌਜ ਦਾ ਕਮਾਂਡਰ ਮੋਮਨ ਖਾਨ ਸੀ। ਜਦ ਇਹ ਫ਼ੌਜ ਜਾਮੁਣ ਲਾਗੇ ਪੁਜੀ ਤਾਂ ਅਗੋਂ ਘਵਿੰਡ ਦੇ ਨੰਬਰਦਾਰ ਨੇ ਇਸ ਨੂੰ ਰਾਹੋਂ ਕੁਰਾਹੇ ਪਾ ਕੇ ਡਲ ਵਲ ਤੋਰ ਦਿਤਾ ਤੇ ਆਪਣੇ ਭਰਾ ਨੂੰ 'ਵਾਂ' ਭੇਜ ਕੇ ਵਾੜੇ ਵਾਲਿਆਂ ਵਾੜੇ ਵਾਲਿਆਂ ਸਿੰਘਾਂ ਨੂੰ ਖ਼ਬਰ ਦੇ ਦਿਤੀ ਕਿ ਫ਼ੌਜ ਪਹੁੰਚ ਚੁਕੀ ਹੈ ਤੇ ਤੁਸੀਂ ਆਸਾ ਪਾਸਾ ਕਰ ਜਾਵੋ। ਫਿਰ ਇਕ ਫ਼ੌਜ ਦਾ ਪਠਾਣ ਸਿਪਾਹੀ ਵੀ ਅੱਖ ਬਚਾ ਕੇ 'ਵਾਂ' ਭਾਈ ਤਾਰਾ ਸਿੰਘ ਪਾਸ ਪੁਜਾ ਤੇ ਕਿਹਾ, ਸਿੰਘ ਸਰਦਾਰੋ! ਤੁਸੀਂ ਕੁਝ ਸਮੇਂ ਲਈ ਇਕਲਵਾਂਜੇ ਚਲੇ ਜਾਵੋ, ਫ਼ੌਜ ਨੇ ਇਥੇ ਬਹੁਤਾ ਚਿਰ ਠਹਿਰਨਾ ਨਹੀਂ, ਤੁਸੀਂ ਫਿਰ ਆ ਜਾਣਾ। ਦਿਲੀ ਹਮਦਰਦੀ ਕਰਕੇ ਮੈਂ ਤੁਹਾਡੇ ਪਾਸ ਆਇਆ ਹਾਂ। ਤਾਰਾ ਸਿੰਘ ਨੇ ਉਸ ਬੁਢੇ ਤੇ ਨੇਕ-ਦਿਲ ਪਠਾਣ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸ਼ਹਾਦਤ ਦਾ ਮੌਕਾ ਹਥੋਂ ਗੁਆਉਣਾ ਅਸੀਂ ਉਚਿਤ ਨਹੀਂ ਸਮਝਦੇ। ਹਾਂ, ਤੁਸੀਂ ਖ਼ਾਤਰ ਜਮ੍ਹਾ ਰਖੋ, ਲੜਾਈ ਵਿਚ ਅਸੀਂ ਤੁਹਾਡੇ ਵਰਗੇ ਸਾਊ ਤੇ ਨੇਕ-ਦਿਲ ਬਜ਼ੁਰਗ ਤੇ ਵਾਰ ਨਹੀਂ ਕਰਾਂਗੇ। ਤੁਸੀਂ ਹੁਣ ਛੇਤੀ ਸੂਰਜ ਦਾ ਚਾਨਣ ਹੋਣ ਤੋਂ ਪਹਿਲਾਂ ਪਹਿਲਾਂ ਵਾਪਸ ਆਪਣੀ ਫ਼ੌਜ ਵਿਚ ਚਲੇ ਜਾਵੋ, ਐਸਾ ਨਾ ਹਵੇ ਕਿ ਸਾਡੇ ਨਾਲ ਇਸ ਹਮਦਰਦੀ ਕਾਰਨ ਤੁਸੀਂ ਕਿਸੇ ਮੁਸੀਬਤ ਵਿਚ ਫਸ ਜਾਵੋ। ਤੁਹਾਨੂੰ ਕੋਈ ਤਕਲੀਫ਼ ਆਈ ਤਾਂ ਸਾਨੂੰ ਬਹੁਤ ਦੁਖ ਹੋਵੇਗਾ। ਲਾਚਾਰ ਇਹ ਨੇਕ ਪਠਾਣ ਸਿਪਾਹੀ ਵਾਪਸ ਫ਼ੌਜ ਵਿਚ ਜਾ ਮਿਲਿਆ।

ਸਾਰਿਆਂ ਸਿੰਘਾਂ ਨੂੰ ਭਾਈ ਸਾਹਿਬ ਨੇ ਹਥੀਂ ਕੇਸੀ ਇਸ਼ਨਾਨ ਕਰਵਾ ਕੇ ਸ਼ਹੀਦੀ ਬਾਣੇ ਪਹਿਨਾਏ, ਅਰਦਾਸ ਕਰ ਕੇ ਜੈਕਾਰੇ ਛਡੇ ਤੇ ਧੌਂਸੇ ਉਤੇ ਚੋਟ ਲਾ ਦਿਤੀ। ਫ਼ੌਜ, ਜੋ ਡਲ ਘੇਰੀ ਬੈਠੀ ਸੀ, ਆਵਾਜ਼ ਸੁਣ ਕੇ ਓਸੇ ਵੇਲੇ ਮਾਰੋ ਮਾਰ ਕਰਦੀ 'ਵਾਂ' ਆਣ ਪੁਜੀ ਤੇ ਆਉਂਦਿਆਂ ਲੜਾਈ ਸ਼ੁਰੂ ਹੋ ਗਈ। ਫ਼ੌਜ ਨੇ ਹਿਛ ਹਿਛ ਹੱਲੇ ਕੀਤੇ, ਪਰ ਸਿੰਘਾਂ ਨੇ ਥੋੜੀ ਗਿਣਤੀ ਵਿਚ ਹੁੰਦਿਆਂ ਹੋਇਆਂ ਵੀ ਸਾਰੇ ਹੱਲੇ ਪੁੱਠੇ ਪੈਰੀਂ ਪਿਛਾਹ ਧਕ ਦਿਤੇ। ਤਕੀ ਬੇਗ ਤਾਰਾ ਸਿੰਘ ਹੱਥੋਂ ਬਰਛਾ ਮੂੰਹ ਵਿਚ ਖਾ ਕੇ ਪਿਛਾਂਹ ਮੁੜਿਆ। ਇਸ ਨੂੰ ਅਪਣੇ ਜ਼ਰ੍ਹਾ ਬਕਤਰ ਦਾ ਮਾਣ ਸੀ, ਕਿਉਂਕਿ ਸਿਰ ਤੋਂ ਪੈਰਾਂ ਤੀਕ ਲੋਹੇ ਵਿਚ ਡੁਬਾ ਹੋਇਆ ਸੀ ਤੇ ਸਮਝਦਾ ਸੀ, ਦੁਸ਼ਮਣ ਉਸ ਦਾ ਕੁਝ ਨਹੀਂ ਵਿਗਾੜ ਸਕਦੇ। ਅਜ਼ਲ ਘੇਰ ਕੇ ਤਾਰਾ ਸਿੰਘ ਦੇ ਸਾਹਮਣੇ ਲੈ ਆਈ। ਤਕੀ ਬੇਗ ਦਾ ਮੂੰਹ ਨੰਗਾ ਸੀ, ਜੋ ਤਾਰਾ ਸਿੰਘ ਦੀ ਨਿਗਾਹ ਪੈ ਗਿਆ। ਅੱਗੇ ਵਧ ਕੇ ਨੇਜ਼ਾ ਤੋਲ ਕੇ ਐਸਾ ਭਰਪੂਰ ਹੱਥ ਮਾਰਿਆ ਕਿ ਨੇਜ਼ੇ ਦੀ ਅਣੀ ਮੂੰਹ ਥਾਣੀਂ ਗਿਚੀ ਵਿਚ ਜਾ ਨਿਕਲੀ। ਖ਼ੂਨ ਦਾ ਫੁਆਰਾ ਛੁਟ ਪਿਆ। ਲਹੂ ਲੁਹਾਨ ਮੂੰਹ ਲੈ ਕੇ ਜਦ ਪਿਛਾਂਹ ਹਟਿਆ ਤਾਂ ਮੋਮਨ ਖ਼ਾਨ ਨੇ ਜਦ ਤਕਿਆ ਤਾਂ ਮਖੌਲ ਨਾਲ ਕਿਹਾ, "ਤਕੀ ਬੇਗ ਖ਼ਾਂ ਸਾਹਿਬ! ਪਾਨ ਖਾ ਰਹੇ ਹੋ?" ਇਹ ਜ਼ਖਮ ਤੇ ਲੂਣ ਪਾਉਣ ਵਾਲੀ ਗੱਲ ਸੀ। ਉਸ ਅੱਗੋਂ ਸੜੇ ਹੋਏ ਨੇ ਕਿਹਾ, "ਹਾਂ, ਪਾਨ ਹੀ ਖਾ ਰਿਹਾਂ। ਤੁਹਾਡਾ ਵੀ ਜੀਅ ਕਰਦੈ ਤਾਂ ਅੱਗੇ ਹੋ ਕੇ ਲੈ ਲਉ, ਤਾਰਾ ਸਿੰਘ ਵੰਡਦਾ ਪਿਆ ਜੇ।" ਇਸੇ ਜ਼ਖਮ ਨਾਲ ਤਕੀ ਬੇਗ ਮਰਿਆ। ਦੋਹੀਂ ਪਾਸੀਂ ਘਾਣ ਲੱਥ ਗਏ। ਇਹ ਅਸਾਵੀਂ ਲੜਾਈ ਸਾਰਾ ਦਿਨ ਸੂਰਜ ਛਿਪਣ ਤਕ ਜਾਰੀ ਰਹੀ। ਲਾਹੌਰੀ ਫੌਜ ਤੋਬਾ ਤੋਬ ਬੋਲ ਉੱਠੀ। ਉਨ੍ਹਾਂ ਨੂੰ ਮਾਣ ਸੀ ਕਿ ਜਾਂਦਿਆਂ ਹੀ ਨੱਪ ਲਵਾਂਗੇ। ਪਰ ਜਦੋਂ ਸਾਹਮਣਿਓਂ ਠੁਕਣ ਲਗ ਪਈਆਂ ਤਾਂ ਚੌਦਾਂ ਤਬਕ ਰੌਸ਼ਨ ਹੋ ਗਏ। ਵਾੜੇ ਦੇ ਦੁਆਲੇ ਜੰਡ, ਰੇਰੂ, ਕਰੀਰ ਤੇ ਬਹੁਤ ਮਲ੍ਹਾਂ ਸੀ, ਜਿਨ੍ਹਾਂ ਨੇ ਸਿੰਘਾਂ ਦੀ ਬਹੁਤ ਸਹਾਇਤਾ ਕੀਤੀ। ਪਾਣੀ ਵਾਲੀ ਢਾਬ ਦੇ ਲਾਗੇ



www.AKJ.Org

ਸਿੰਘਾਂ ਨੇ ਸੈਨਾ ਨੂੰ ਢੁਕਣ ਨਾ ਦਿਤਾ।

ਲੜਾਈ ਦਾ ਰੌਲਾ ਸੁਣ ਕੇ ਕਰਬਾਠਾਂ ਦੇ ਦੋ ਭਰਾ, ਜੋ ਗੱਡਾ ਲੈ ਕੇ ਖੇਤਾਂ ਵਿਚ ਪਾਉਣ ਲਈ ਕੱਲਰ ਇਕੱਠਾ ਕਰਨ ਆਏ ਸਨ, ਪਤਾ ਲਗਣ ਤੇ ਕਿ ਫ਼ੌਜ ਨੇ ਸਿੰਘਾਂ ਤੇ ਹਮਲਾ ਕਰ ਦਿਤਾ ਹੈ, ਸਭ ਕੁਝ ਛੱਡ ਕੇ ਸਿੰਘਾਂ ਵਿਚ ਆਣ ਮਿਲੇ ਤੇ ਇਥੇ ਨਾਲ ਹੀ ਸ਼ਹੀਦ ਹੋ ਗਏ। ਇਧਰ ਤਾਰਾ ਸਿੰਘ ਨਾਲ ਇੱਕੀ ਸਿੰਘ ਤੇ ਦੂਜੇ ਪਾਸੇ ਤੋਪਖ਼ਾਨਾ ਤੇ ਸਿਪਾਹੀਆਂ ਦਾ ਟਿੱਡੀ ਦਲ। ਸੋ ਇਸ ਕਿਸਮ ਦੀ ਅਸਾਵੀਂ ਲੜਾਈ ਕਿੰਨਾ ਕੁ ਚਿਰ ਚਲਦੀ? ਇਕ ਇਕ ਕਰ ਕੇ ਤੇ ਕਈਆਂ ਕਈਆਂ ਨੂੰ ਥਾਂ ਰਖ ਕੇ, ਸਿੰਘ ਸ਼ਹੀਦ ਹੁੰਦੇ ਗਏ। ਸਭ ਤੋਂ ਆਖ਼ੀਰ ਵਿਚ ਸ਼ਹੀਦ ਹੋਣ ਵਾਲਾ ਤਾਰਾ ਸਿੰਘ ਸੀ। ਸਾਰਾ ਸਰੀਰ ਜ਼ਖਮਾਂ ਨਾਲ ਚੂਰ ਹੋਇਆ ਪਿਆ ਸੀ, ਪਰ ਅਜੇ ਵੀ ਨੇਜ਼ਾ ਹੱਥ ਵਿਚ ਲਈ ਲਾਗੇ ਢੁਕਣ ਵਾਲਿਆਂ ਨੂੰ ਧੁਰ ਦੇ ਪਰਵਾਨੇ ਦਈ ਜਾ ਰਿਹਾ ਸੀ। ਹਾਥੀ ਅੱਗੇ ਕਰਕੇ ਵੱਡੀ ਗਿਣਤੀ ਨੇ ਸਜਿਓਂ ਖਬਿਓਂ ਇਕ ਆਦਮੀ ਤੇ ਹੱਲਾ ਬੋਲਿਆ। ਦੀਵਾ ਬੁਝਣ ਤੋਂ ਪਹਿਲਾਂ ਉਸ ਦੀ ਲਾਟ ਉਤਾਂਹ ਨੂੰ ਉਭਰਦੀ ਹੈ ਤੇ ਫਿਰ ਉਹ ਇਕ-ਦਮ ਸਮਾਪਤ ਹੋ ਜਾਂਦੀ ਹੈ। ਅੰਤ ਸਮਾਂ ਨੇੜੇ ਢੁਕ ਚੁੱਕਾ ਸੀ। ਤਾਰਾ ਸਿੰਘ ਹੁਣ ਇਸ ਵੇਲੇ ਖ਼ੂਨ ਨੁਚੜ ਚੁਕਣ ਦੇ ਬਾਵਜੂਦ ਵੈਰੀਆਂ ਲਈ ਮਲਕੁਲ ਮੌਤ ਬਣਿਆ ਹੋਇਆ ਸੀ। ਠਰ੍ਹੰਮੇ ਨਾਲ ਵਾਰ ਝੱਲ ਰਿਹਾ ਤੇ ਫਟ ਖਾ ਰਿਹਾ ਸੀ। ਦਸਮੇਸ਼ ਜੀ ਦੇ ਮਹਾਂਵਾਕ "ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ" ਅਨੁਸਾਰ ਸਿੰਘ ਪੁਰਜ਼ਾ ਪੁਰਜ਼ਾ ਹੋ ਕੇ ਡਿਗਾ। ਸੂਰਮੇ ਮੰਜੀਆਂ ਤੇ ਅੱਡੀਆਂ ਰਗੜ ਰਗੜ ਨਹੀਂ ਮਰਿਆ ਕਰਦੇ, ਜੰਗ ਦਾ ਮੈਦਾਨ ਉਨ੍ਹਾਂ ਦੀ ਆਖ਼ਰੀ ਸੇਜ ਹੋਇਆ ਕਰਦੀ ਹੈ। ਵਾੜਿਓਂ ਬਾਹਰ ਲਹੂ ਮਿਝ ਨਾਲ ਲੱਥ ਪੱਥ ਹੋਈ ਅੰਤਲੀ ਸੇਜ ਉਤੇ, ਵੈਰੀ ਦੀਆਂ ਲਾਸ਼ਾਂ ਨਾਲ ਪੈ ਗਿਆ। ਨੇਜ਼ਾ ਅਜੇ ਵੀ ਉਸ ਦੇ ਹੱਥ ਵਿਚ ਸੀ। ਜਾਪਦਾ ਸੀ, ਭੁਬਕ ਕੇ ਉਠਿਆ ਕਿ ਉਠਿਆ, ਕਈ ਪਲ ਦੁਸ਼ਮਣ ਲਾਗੇ ਨਹੀਂ ਢੁਕਿਆ। ਫਗਣ ਦੇ ਡੁਬਦੇ ਸੂਰਜ ਦੀ ਲਾਲੀ, ਲਾਲੋ ਲਾਲ ਹੋਏ ਮੈਦਾਨ ਨੂੰ ਆਪਣੀ ਸ਼ਰਧਾਂਜਲੀ ਪੇਸ਼ ਕਰ ਰਹੀ ਸੀ।[੨] ਇਹ ਘਟਨਾ ਫਗਣ ੧੭੨੬ ਈ: ਦੀ ਹੈ।

ਫ਼ੌਜ ਨੇ ਰਾਤ ਏਥੇ ਪੜਾਅ ਕੀਤਾ। ਤਾਰਾ ਸਿੰਘ ਨਾਲ ਸ਼ਹੀਦ ਹੋਏ ਸਿੰਘਾਂ ਦੇ ਸਿਰ ਵੱਢ ਕੇ ਬੋਰਿਆਂ ਵਿਚ ਪਾ ਲਏ। ਸਵੇਰੇ ਮੁਰਦੇ ਦਬਾ ਕੇ ਮੋਮਨ ਖਾਂ ਲਾਹੌਰ ਅੱਪੜਿਆ। ਸ਼ਹੀਦ ਹੋਏ ਸਿੰਘਾਂ ਦੇ ਸਿਰ ਜ਼ਕਰੀਆਂ ਖਾਨ ਦੇ ਪੇਸ਼ ਕੀਤੇ ਗਏ। ਲੜਾਈ ਤੇ ਹੋਏ ਜਾਨੀ ਨੁਕਸਾਨ ਦੀ ਜਦ ਤਫ਼ਸੀਲ ਦਸੀ ਗਈ ਤਾਂ ਜ਼ਕਰੀਆਂ ਖ਼ਾਨ ਦੀ ਸਾਰੀ ਖ਼ੁਸ਼ੀ ਉਡ ਗਈ। ਸਿਰਫ਼ ਏਨਾ ਮੂੰਹੋਂ ਨਿਕਲਿਆ--ਲਾਹਵਲ ਵਿਲਾ ਕੂਵਤਾ ਲਾਇੱਲਾ ਬਿੱਲਾ—ਯਾ ਖ਼ੁਦਾ! ਇਹ ਲੋਕ ਕਾਹਦੇ ਬਣੇ ਹੋਏ ਹਨ!

ਪੰਜਾਬ ਦਾ ਗਵਰਨਰ ਬਣਨ ਤੋਂ ਬਾਅਦ ਜ਼ਕਰੀਆ ਖ਼ਾਨ ਵਾਲੋਂ ਸਿੱਖਾਂ ਨੂੰ ਇਹ ਪਹਿਲਾ ਵੱਡਾ ਤੁਹਫ਼ਾ ਸੀ।

[ਚਲਦਾ]

## ਹਵਾਲੇ ਤੇ ਫੁਟ ਨੋਟ

੧. ਇਹ ਘੋੜੀਆਂ ਦੋ ਸਨ, ਇਕ ਬੜੀ ਤਕੜੀ ਵਧੀਆ ਨਸਲ ਦੀ ਘੋੜੀ ਤੇ ਮਗਰ ਉਸ ਦੀ ਓਡੀ ਵਛੇਰੀ। ਦੋਵੇਂ ਕੀਮਤੀ ਜਾਨਵਰ ਸਨ। ਇਹ ਵੀ ਖ਼ੂਬੀ ਸੀ ਕਿ ਖੁਲ੍ਹੀਆਂ ਬਾਹਰ ਚਰਦੀਆਂ ਨੂੰ ਇਨ੍ਹਾਂ ਦੇ ਸੰਭਾਲੂ ਤੋਂ ਬਿਨਾ ਹੋਰ ਕੋਈ ਨਹੀਂ ਸੀ ਫੜ ਸਕਦਾ। ਓਪਰੇ ਬੰਦੇ ਨੂੰ ਲਾਗੇ ਨਹੀਂ ਸਨ ਢੁਕਣ ਦੇਂਦੀਆਂ, ਉਨ੍ਹਾਂ ਨੂੰ ਫੜ ਲੈਣਾ ਤਾਂ ਇਕ ਪਾਸੇ ਰਿਹਾ। ਪਰ ਦੋਹਾਂ ਭਰਾਵਾਂ ਅੱਗੇ ਇਨ੍ਹਾਂ ਮਾਵਾਂ ਧੀਆਂ ਦੀ ਕੋਈ ਪੇਸ਼ ਨਾ ਗਈ।

੨. ਨੋਟ :—ਏਡੇ ਵਡੇ ਟਿੱਡੀ ਦਲ ਨਾਲ ਸਾਰਾ ਦਿਨ ਲੜਨਾ ਤੇ ਉਸਨੂੰ ਵਾੜੇ ਲਾਗੇ ਨਾ ਢੁਕਣ ਦੇਣਾ, ਇਸ ਗੱਲ ਨੂੰ ਕਈ ਸ਼ਕ ਦੀ ਨਿਗਾਹ ਨਾਲ ਵੇਖਣਗੇ, ਕੋਈ ਇਸ ਨੂੰ ਅਤਿਕਥਨੀ ਕਹਿਣਗੇ। ਲੜਾਈਆਂ ਗਿਣਤੀਆਂ ਤੇ ਨਿਰੇ ਹਥਿਆਰਾਂ ਨਾਲ ਨਹੀਂ ਲੜੀਆਂ ਜਾਂਦੀਆਂ। ਇਸ ਲਈ morale (ਚੜ੍ਹਦੀ ਕਲਾ) ਹੌਸਲਾ, ਦਲੇਰੀ, ਨਿਡਰਤਾ, ਲੜਾਈ ਦੇ ਉਦੇਸ਼ ਨਾਲ ਪਿਆਰ ਤੇ ਯੋਗ ਆਗੂ ਦੀ ਅਗਵਾਈ, ਜੋ ਮੂਹਰਲੀਆਂ ਸਫ਼ਾਂ ਵਿਚ ਹੋ



www.AKJ.Org

ਕੇ ਲੜੇ, ਦੀ ਲੋੜ ਹੁੰਦੀ ਹੈ। ਲੜਾਈ ਨੂੰ ਕਿੰਨਾ ਸਮਾਂ ਲੱਗੇਗਾ, ਇਸ ਦੀ ਕੋਈ ਪਾਬੰਦੀ ਨਹੀਂ ਹੁੰਦੀ। ਤਾਰਾ ਸਿੰਘ ਤੇ ਇਸ ਦੇ ਸਾਥੀ ਸਿੰਘਾਂ ਵਿਚ ਉਪਰਲੇ ਸਾਰੇ ਗੁਣ ਵਧ ਚੜ੍ਹ ਕੇ ਸਨ। ਇਸ ਤੋਂ ੨੨ ਤੇ ੨੩ ਸਾਲ ਪਹਿਲਾਂ ਚਮਕੌਰ ਤੇ ਮੁਕਤਸਰ ਦੀਆਂ ਲੜਾਈਆਂ ਵਿਚ ਇਨ੍ਹਾਂ ਜੌਹਰਾਂ ਦੀ ਬੜੇ ਵਡੇ ਪੈਮਾਨੇ ਤੇ ਪਰਦਰਸ਼ਨੀ ਹੋਈ ਸੀ।

੨੧ ਸੂਰਮਿਆਂ ਦਾ ਏਡੀ ਵੱਡੀ ਫੌਜ ਨੂੰ ਪੂਰਾ ਦਿਨ ਡੱਕ ਛਡਣਾ ਤੇ ਆਪਣੇ ਨਾਲੋਂ ਕਈ ਗੁਣਾ ਵਧ ਨੂੰ ਮਾਰ ਕੇ ਮਰਨਾ ਕੋਈ ਅਚੰਭਾ ਜਾਂ ਅਤਿਕਥਨੀ ਨਹੀਂ।

ਅੱਜ ਦੇ ਦੌਰ ਵਿਚ ਵੀ ਇਹੋ ਕੁਝ ਵੇਖਣ ਵਿਚ ਆ ਰਿਹਾ ਹੈ। ਦੋ ਕੁ ਸਾਲ ਹੋਏ ਹਨ, ਲਾਲੂ ਘੁਮਣ (ਤਰਨ ਤਾਰਨ) ਖਾੜਕੂਆਂ ਨਾਲ ਮੁਕਾਬਲਾ ਹੋਇਆ, ਜੋ ਇਕ ਦਿਨ ਤੇ ਰਾਤ ਚਲਦਾ ਰਿਹਾ। ਡਿਆਲਾ ਵਿਖੇ (ਪੁਲਸ ਜ਼ਿਲਾ ਤਰਨ ਤਾਰਨ) ਪਿਛਲੇ ਸਾਲ ਮੁਕਾਬਲਾ ਹੋਇਆ। ਸਾਰਾ ੬-੭ ਕਨਾਲਾਂ ਕਮਾਦ। ਪੁਲਸ, ਸੀ.ਆਰ.ਪੀ.ਐਫ. ਦਾ ਕੋਈ ਹਿਸਾਬ ਨਾ। ਅੰਦਰ ਪੋਟਿਆਂ ਤੇ ਗਿਣੇ ਜਾਣ ਵਾਲੇ, ਟਾਕਰਾ ੬੦ ਘੰਟਿਆਂ ਤੋਂ ਵੀ ਉੱਤੇ ਚਲਿਆ। ਰਟੌਲੀ ਪਿਛਲੇ ਸਾਲ ਕੀ ਕੁਝ ਬਣਿਆ, ਸਮੇਂ ਤੇ ਨਤੀਜੇ ਦੇ ਵਿਸਥਾਰ ਦੀ ਲੋੜ ਨਹੀਂ। ੮ ਜੂਨ ੧੯੯੨ ਨੂੰ ਪਿੰਡ ਬਹਿਲਾ ਜੋ ਰਟੌਲਾਂ ਦੇ ਲਾਗੇ ਹੀ ਹੈ, ਕਿਹੋ ਜਿਹਾ ਮੁਕਾਬਲਾ ਤੇ ਕਿੰਨੇ ਘੰਟੇ ਚਲਿਆ ਤੇ ਉਸ ਵਿਚ ਹਿੱਸਾ ਕਿਹੜੀਆਂ ਫ਼ੋਰਸਾਂ ਲਿਆ ਤੇ ਅੰਦਰ ਅਸਲ ਲੜਾਕੇ ਕਿੰਨੇ ਸਨ, ਕਿਸੇ ਤੋਂ ਸੱਚ ਛਿਪਿਆ ਨਹੀਂ। ਅੱਜ ਤੋਂ ਕੁਝ ਸਾਲਾਂ ਨੂੰ ਜਾ ਕੇ ਇਹ ਮੁਕਾਬਲੇ ਵੀ ਸ਼ਾਇਦ ਅਤਿਕਥਨੀ ਬਣ ਜਾਣ। ਹਕੀਕਤ ਇਹ ਹੈ ਕਿ 'ਵਾਂ' ਵਾਲਾ ਸਾਕਾ ਬਿਲਕੁਲ ਕੋਈ ਗਲਤ-ਬਿਆਨੀ ਜਾਂ ਅਤਿਕਥਨੀ ਨਹੀਂ। ਜਿਥੇ ਜਿਥੇ ਉਤਲੀ ਸਪਿਰਿਟ ਨਾਲ ਕੋਈ ਲੜੇਗਾ, ਨਤੀਜੇ ਐਸੇ ਹੀ ਨਿਕਲਣਗੇ, ਜਿਨ੍ਹਾਂ ਨੂੰ ਅਕਲ ਛੇਤੀ ਛੇਤੀ ਮੰਨਣੋਂ ਅਸਮਰੱਥ ਹੋਵੇਗੀ।

---

# ਪੰਥ ਦੇ ਚਰਨਾਂ ਵਿਚ ਅਪੀਲ

ਗੁਰੂ ਪੰਥ ਖਾਲਸਾ ਜੀਉ,

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸਭਨਾਂ ਨੂੰ ਖਾਲਸਾ ਸਾਜਿਆ। ਖਾਲਸੇ ਦਾ ਸੰਬੰਧ ਸਿੱਧਾ ਸਤਿਗੁਰੂ ਨਾਲ ਹੈ, ਵਿਚ-ਵਿਚਾਲੇ ਕੋਈ ਵਿਚੋਲਾ ਨਹੀਂ।

ਸਤਿਗੁਰ, ਗੁਰ ਮੰਤਰ, ਪੰਥ, ਸਿੱਖੀ ਰਹਿਤ ਮਰਯਾਦਾ, ਤਖਤ ਸਾਹਿਬਾਨ, ਖਾਲਸਈ ਪਰੰਪਰਾਵਾਂ, ਗੁਰ-ਸ਼ਬਦ ਟਕਸਾਲਾਂ, ਇਹ ਸਾਰਾ ਕੁਝ ਸਰਬੱਤ ਖਾਲਸਾ ਜੀ ਦਾ ਸਾਂਝਾ ਵਿਰਸਾ ਹੈ। ਕਿਸੇ ਇਕੱਲੇ ਵਿਅਕਤੀ ਜਾਂ ਕਿਸੇ ਇਕੱਲੀ ਜਥੇਬੰਦੀ ਦਾ ਇਸ ਅਮੋਲਕ ਵਿਰਸੇ 'ਤੇ ਨਿੱਜੀ ਅਧਿਕਾਰ ਨਹੀਂ ਹੈ। ਜੇ ਕੋਈ ਇਸ ਉਤੇ ਨਿੱਜੀ ਅਥਵਾ ਸਮੁੱਚੇ ਅਧਿਕਾਰ ਦਾ ਦਾਅਵਾ ਬੰਨ੍ਹਦਾ ਹੈ ਤਾਂ ਉਸ ਦਾ ਇਹ ਦਾਅਵਾ ਕੂੜਾ ਹੈ। ਇੰਜ ਕਰ ਕੇ ਉਹ ਪੰਥ ਨਾਲ ਧ੍ਰੋਹ ਕਮਾਉਂਦਾ ਹੈ। ਅਜਿਹਾ ਅਨਸਰ ਨਿਰਸੰਦੇਹ ਪੰਥ-ਦੋਖੀ ਹੈ।

ਖਾਲਸਾ ਪੰਥ ਐਸ ਵੇਲੇ ਆਪਣੀ ਵਿਲੱਖਣ ਹੋਂਦ-ਹਸਤੀ ਨੂੰ ਬਰਕਰਾਰ ਰੱਖ ਕੇ ਸੰਮਾਨ ਵਾਲਾ ਜੀਵਨ ਜੀਊਣ ਲਈ ਜ਼ਿੰਦਗੀ ਮੌਤ ਦੀ ਬਾਜ਼ੀ ਲਾ ਕੇ ਸੰਘਰਸ਼ ਕਰ ਰਿਹਾ ਹੈ। ਸੰਘਰਸ਼ ਲਈ ਪੰਥਕ ਏਕਤਾ ਮੁਢਲੀ ਲੋੜ ਹੈ ਅਤੇ ਪੰਥਕ ਏਕਤਾ ਲਈ ਹੰਕਾਰ ਅਤੇ ਖ਼ੁਦਗਰਜ਼ੀ ਦਾ ਤਿਆਗ ਮੁਢਲੀ ਸ਼ਰਤ ਹੈ। ਪੰਥਕ ਏਕਤਾ ਲਈ ਸਮੂਹ ਪੰਥਕ ਜਥੇਬੰਦੀਆਂ ਵਿਚ ਇਕ-ਸੁਰਤਾ ਅਤੇ ਸਦਭਾਵਨਾ ਲਾਜ਼ਮੀ ਹੈ। ਪੰਥ ਦੀਆਂ ਸਮੂਹ ਧਾਰਮਿਕ ਜਥੇਬੰਦੀਆਂ ਨੂੰ ਸਮੇਂ ਸਮੇਂ ਸ੍ਵੈ-ਪੜਚੋਲ ਤਾਂ ਕਰਨੀ ਬਣਦੀ ਹੈ, ਪਰ ਵੇਖਣ ਵਿਚ ਆਇਆ ਹੈ ਕਿ ਕਈ ਧੜੇਬੰਦੀਆਂ ਦੇ ਕੁਝ ਮੂੰਹ-ਜ਼ੋਰ ਵਿਅਕਤੀ ਦੂਜੀਆਂ ਜਥੇਬੰਦੀਆਂ 'ਤੇ ਸਮੇਂ ਸਮੇਂ ਅਣਹੋਣੀਆਂ ਊਜਾਂ ਥੱਪ ਕੇ ਅਤੇ ਉਹਨਾਂ 'ਤੇ ਫ਼ਜ਼ੂਲ ਉਂਟੰਕਣ ਕਰ ਕੇ ਕੜਵਾਹਟ ਅਤੇ ਫੁੱਟ ਦੇ ਬੀਜ ਬੀਜਦੇ ਰਹਿੰਦੇ ਹਨ। ਜਥੇਬੰਦੀਆਂ ਦੇ ਮੁਖੀ ਸੇਵਾਦਾਰਾਂ ਨੂੰ ਅਜਿਹੇ ਮੂੰਹ-ਜ਼ੋਰ ਅਤੇ ਗ਼ੈਰ-ਜ਼ਿੰਮੇਵਾਰ ਅਨਸਰਾਂ ਨੂੰ ਕਾਬੂ ਵਿਚ ਰੱਖਣਾ ਬਣਦਾ ਹੈ, ਕਿਧਰੇ ਅਜਿਹਾ ਨਾ ਹੋਵੇ ਕਿ ਸਰਕਾਰ ਨਾਲ ਵਿੱਢੀ ਲੜਾਈ ਪੰਥਕ ਵਿਹੜੇ ਵਿਚ ਆ ਵੜੇ।

ਬੁਹਾਰੀ ਦਾ ਕੋਈ ਇਕੱਲਾ ਤੀਲਾ ਕੂੜਾ ਹੂੰਝਣ ਦੇ ਸਮਰੱਥ ਨਹੀਂ ਹੋ ਸਕਦਾ। ਪੰਥ ਦੇ ਵਿਹੜੇ ਦਾ ਕੂੜਾ-ਕਰਕਟ ਹੂੰਝਣ ਲਈ ਸਾਰੇ ਤੀਲਿਆਂ ਨੂੰ ਇਕੱਠਾ ਕਰ ਕੇ ਮੁੱਠਾ ਬੰਨ੍ਹਣਾ ਪੈਣੈਂ। ਇਸ ਭੇਤ ਨੂੰ ਸਮਝੀਏ ਅਤੇ ਪੰਥਕ ਹਿਤ ਨੂੰ ਮੁੱਖ ਰੱਖ ਕੇ ਮਿਲ ਬੈਠੀਏ।

ਸਤਿਗੁਰੂ ਮਿਹਰ ਕਰਨ ਤੇ ਸਾਨੂੰ ਸਾਰਿਆਂ ਨੂੰ ਪੰਥ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਹੋਣ ਦਾ ਉੱਦਮ ਬਖਸ਼ਣ।

 ਸਤਿਕਾਰ ਸਹਿਤ—ਗੁਰੂ ਪੰਥ ਦਾ ਦਾਸ : ਰਾਮ ਸਿੰਘ ਜਥੇਦਾਰ, (ਅਖੰਡ ਕੀਰਤਨੀ ਜਥਾ)

www.AKJ.Org

## ਰਿਸ਼ਤੇ ਨਾਤੇ—

ਨੋਟ : (੧) ਚਿੱਠੀ ਵਾਲੇ ਲਫ਼ਾਫ਼ੇ ਤੇ ਪਤਾ ਲਿਖੋ : ਫ਼ਾਰਮ ਨੰ:—*C/o* ਸੂਰਾ, ਦਸਮੇਸ਼ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ । (੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਲਿਖੋ । (੩) ਰਿਸ਼ਤੇ ਨਾਤੇ ਦੇ ਫ਼ਾਰਮ ਦਫ਼ਤਰ 'ਸੂਰਾ' ਤੋਂ ਟਿਕਟ ਲਗਾ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ ।

ਫ਼ਾਰਮ ਨੰ: ੪੩੧—੨੩ ਸਾਲਾ ਸਿੰਘ, ਕੱਦ ੧੬੯ ਸੈਂਟੀ ਮੀਟਰ ਬੀ ਏ. ਪਾਰਟ *I* ਅਤੇ *I.T.I.* ਪਾਸ, ਰੇਲਵੇ ਕੋਚ ਫੈਕਟਰੀ ਵਿਚ ਨੌਕਰੀ, ਮਾਸਕ ੧੭੦੦ ਰੁਪਏ, ਲਈ ਗੁਰਮੁਖ ਬੀਬੀ ਦੀ ਲੋੜ ।

ਫ਼ਾਰਮ ਨੰ: ੪੩੨—੨੭ ਸਾਲਾ, ਐਮ.ਏ. ਅੰਗ੍ਰੇਜ਼ੀ ਪਾਸ, ਬੀਬੀ, ਕੱਦ ੫'-ਸਾਢੇ ਤਿੰਨ ਇੰਚ, ਕਾਲਜ ਵਿਚ ਆਰਜ਼ੀ ਲੈਕਚਰਾਰ, ਮਾਸਕ ੩੦੦੦ ਰੁਪਏ, ਲਈ ਨੌਕਰੀ ਪੇਸ਼ਾ ਵਰ ਦੀ ਲੋੜ ।

ਫ਼ਾਰਮ ਨੰ: ੪੩੩—੩੨ ਸਾਲਾ ਦੁਹਾਜੂ ਬੀ:ਏ. ਪਾਸ ਬੀਬੀ, ਕੱਦ ੫'-੪'', ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੩੪—੨੩ ਸਾਲਾ ਬੀ.ਏ. ਪਾਸ ਬੀਬੀ, ਪ੍ਰਾਈਵੇਟ ਸਕੂਲ ਵਿਚ ਟੀਚਰ, ਮਾਸਕ ੫੭੦, ਰੁਪਏ ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੩੫—ਸਾਢੇ ੨੬ ਸਾਲਾ ਦੁਹਾਜੂ ਸਿੰਘ, ਅਠਵੀਂ ਪਾਸ, ਕੱਦ ੫'-੫'', ਕੜਾਈ ਦੀ ਦੁਕਾਨ, ਲਈ ਯੋਗ ਰਿਸ਼ਤੇ ਦੀ ਲੋੜ ।

ਫ਼ਾਰਮ ਨੰ: ੪੩੬—੨੪ ਸਾਲਾ ਐਮ.ਏ. ਇਕਨਾਮਿਕਸ ਪਾਸ ਬੀਬੀ, ਕੱਦ ੫'-੨'' ਪਬਲਿਕ ਸਕੂਲ ਵਿਚ ਟੀਚਰ, ਮਾਸਕ ਇਕ ਹਜ਼ਾਰ ਰੁਪਏ, ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੩੭—੨੮ ਸਾਲਾ ਐਮ.ਏ. ਪੰਜਾਬੀ ਪਾਰਟ *I* ਪਾਸ ਬੀਬੀ, ਕੱਦ ੫'-੨'', ਸਟੈਨੋ ਦੀ ਨੌਕਰੀ, ਮਾਸਕ ੨੫੦੦ ਰੁਪਏ, ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੩੮—੧੯ ਸਾਲਾ ਬੀਬੀ, ਕੱਦ ੫'-੩'', ਕੈਨੇਡਾ ਦੀ ਸ਼ਹਿਰੀ । ੧੨ ਗ੍ਰੇਡ ਤਕ ਪੜ੍ਹੀ ਹੋਈ, ਬੈਂਕ ਵਿਚ ਪਾਰਟ ਟਾਈਮ ਨੌਕਰੀ, ਲਈ ਯੋਗ ਵਰ ਇਸ ਐਡਰੈਸ ਤੇ ਸੰਪਰਕ ਕਰਨ—*S. Balbir Singh Kalyan- 4312-Whitehorn Dr. N.E. Calgary-Alt. TIY-5C5 (Canada) Tel 403-293-9367*

ਫ਼ਾਰਮ ਨੰ: ੪੩੯—੨੪ ਸਾਲਾ ਬੀਬੀ, ਕੱਦ ੫'-੨'', ਹਾਇਰ ਸੈਕੰਡਰੀ, ਗਿਆਨੀ ਪਾਸ, ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੪੦—੨੯ ਸਾਲਾ ਤਲਾਕ-ਸ਼ੁਦਾ ਬੀਬੀ, ਕੱਦ ੫',-ਦਸਵੀਂ *I T.I.* ਪਾਸ, ਲਈ ਵਰ ਦੀ ਲੋੜ ।

ਫ਼ਾਰਮ ਨੰ: ੪੪੧—੨੭ ਸਾਲਾ ਬੀ.ਏ. ਪਾਸ ਸਿੰਘ, ਕੱਦ ੫'-੮'', ਸਰਬ ਲੋਹੀ ਸਿੰਘ, ਕੰਮ ਖੇਤੀ ਬਾੜੀ, ਲਈ ਯੋਗ ਬੀਬੀ ਦੀ ਲੋੜ ।

ਫ਼ਾਰਮ ਨੰ: ੪੪੨—੨੮ ਸਾਲਾ ਹਾਇਰ ਸੈਕੰਡਰੀ ਪਾਸ ਸਿੰਘ, ਕਪੜੇ ਦੀ ਦੁਕਾਨ, ਕੱਦ ੫'-੮'', ਲਈ ਯੋਗ ਰਿਸ਼ਤੇ ਦੀ ਲੋੜ ।

ਫ਼ਾਰਮ ਨੰ: ੪੪੩—ਸਾਢੇ ੨੩ ਸਾਲਾ ਬੀਬੀ, ਕੱਦ ਸਾਢੇ ਚਾਰ ਫੁਟ, ਬੀ.ਏ., ਗਿਆਨੀ, ਲਈ ਯੋਗ ਵਰ ਦੀ ਲੋੜ ।

ਫ਼ਾਰਮ ਨੰ: ੪੪੪—੨੭ ਸਾਲਾ ਬੀ.ਐਸ., ਬੀ.ਐੱਡ. ਬੀਬੀ ਕੱਦ ੫', ਕੀਰਤਨੀ, ਲਈ ਵਰ ਦੀ ਲੋੜ ।

# ਪਿੰਡਾਂ ਵਿਚ ਕੀਰਤਨ ਸਮਾਗਮ

ਅਖੰਡ ਕੀਰਤਨੀ ਜਥਾ ਅੰਮ੍ਰਿਤਸਰ ਵਲੋਂ ਮਿਤੀ ੯-੬-੯੨ ਤੋਂ ੮-੭-੯੨ ਤਕ ਪਿੰਡਾਂ ਵਿਚ ਸ਼ਾਮੀ ੫ ਤੋਂ ੮ ਅਤੇ ਸਵੇਰੇ ੫ ਤੋਂ ੧੦ ਵਜੇ ਤਕ ਕੀਰਤਨ ਦਾ ਪ੍ਰੋਗਰਾਮ ਉਲੀਕਿਆ ਗਿਆ, ਤਾਂ ਜੁ ਪੇਂਡੂ ਜਨਤਾ ਨਾਲ ਨਾਮ ਬਾਣੀ ਦੀ ਸਾਂਝ ਬਣਾਈ ਜਾ ਸਕੇ । ਗੁਰੂ ਦੀ ਕਿਰਪਾ ਨਾਲ ਇਹ ਪ੍ਰੋਗਰਾਮ ਲਗਾਤਾਰ ਸਫ਼ਲਤਾ ਸਹਿਤ ਨਿਭ ਰਿਹਾ ਹੈ । ਇਸ ਸੁਭਾਗੇ ਕਾਰਜ ਨੂੰ ਅਗੋਂ ਭੀ ਚਲਦਾ ਰਖਣ ਲਈ ਜਿਹੜੇ ਗੁਰਮੁਖ ਸੱਜਣ ਇਸ ਕੀਰਤਨ-ਵਹੀਰ ਵਿਚ ਸ਼ਾਮਲ ਹੋ ਸਕਦੇ ਹੋਣ, 'ਸੂਰਾ' ਦਫ਼ਤਰ ਨਾਲ ਸੰਪਰਕ ਕਰਨ ਜੀ । ਸਨਿਮਰ ਜੋਦੜੀ ਹੈ ਜੀ।

# 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ [ਕਈ ਵਾਧੇ, ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ] ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ [ਭਾ: ਸਾਹਿਬ ਕ੍ਰਿਤ] | | ੧-੫੦ |
| ਕੇਸਕੀ [ਦਸਤਾਰ] | ੨-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ [ਪ੍ਰੋ: ਅਮਰਜੀਤ ਕੌਰ] | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੭੫ |
| ਤਉ ਕਉ ਮੁਰਗੀ ਮਾਰੇ [ਤਲਵਾੜਾ ਜੀ] | ੨-੦੦ | ਗੁਰਮਤਿ ਅਨਹਦ ਸ਼ਬਦ | ,, | ੦-੭੫ |
| **HAIR—A Divine Gift** | 1-00 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੧-੦੦ |
| **Dawn of Divine wisdom** | 0·75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੨-੦੦ | ਜਬ ਲਗ ਖਾਲਸਾ ਰਹੈ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦਰਸ਼ | ,, | ੦-੭੫ |
| ਸ੍ਰੀ ਭਗਉਤੀ ਪ੍ਰਬੋਧ [ਚੋਣਵੇਂ ਵਿਦਵਾਨਾਂ ਦੇ ਲੇਖ] | ੨-੦੦ | ਰਾਗਮਾਲਾ ਬਾਰੇ ਵਿਚਾਰ [ਉਘੇ ਵਿਦਵਾਨ] | | [illegible] |

www.AKJ.Org

## ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | | | |
|---|---|---|---|
| ਬੀਬੀ ਕੇਸਰ ਕੌਰ ਕਾਨਪੁਰ | ੧੫੦੦-੦੦ | ਗੁਪਤ ਸਿੰਘਾਂ, ਵਲੋਂ ਲੁਧਿਆਣਾ | ੧੦੦-੦੦ |
| ਭਾ: ਅਮਰਜੀਤ ਸਿੰਘ ਸ੍ਰੀ ਨਗਰ | ੧੦੦-੦੦ | ਗੁਪਤ ਸੇਵਾ | ੨੦੦-੦੦ |
| ਭਾ: ਸੰਤੋਖ ਸਿੰਘ ਲਿਸਟਰ ਯੂ. ਕੇ. | ੫੪੬੦-੦੦ | ਭਾਈ ਗੁਰਪਾਲ ਸਿੰਘ S.D.O. ਤਲਵਾੜਾ | ੧੦੦-੦੦ |
| ਸਾਧ ਸੰਗਤ ਲੇਟਨ ,, | ੩੮੧੦-੦੦ | ਭਾ: ਹੁਕਮ ਸਿੰਘ ਨਰੂਲਾ ਮਾਨਸਾ ਮੰਡੀ | ੫੦੦-੦੦ |
| ਭਾ: ਹਰਬਖਸ਼ ਸਿੰਘ ਸਰਾਇ ਚੈਥਮ ਯੂ. ਕੇ. | ੩੮੦੦-੦੦ | ਗੁਪਤ ਸੇਵਾ ਬਠਿੰਡਾ | ੧੦੦-੦੦ |
| ਭਾ: ਗੁਰਚਰਨ ਸਿੰਘ ਚਾਨੀ ਰੈਡਿੰਗ ,, | ੧੩੬੦੦-੦੦ | ਭਾਈ ਹਰਬੰਸ ਸਿੰਘ ਡਗੋਰੋਮਾਣਾ | ੫੦੦-੦੦ |
| ਭਾ: ਸਰਵਨ ਸਿੰਘ ਠਾਕਰ ਸਲੋਅ ,, | ੯੦੦-੦੦ | ਮਾਤਾ ਸੁਜਾਨ ਕੌਰ ਬਠਿੰਡਾ | ੫੦੦-੦੦ |
| ਗੁਪਤ ਸੇਵਾ ,, | ੧੦੦੦-੦੦ | ਮਾਤਾ ਕਰਮ ਕੌਰ ਬਠਿੰਡਾ | ੨੫੦-੦੦ |
| ਭਾ: ਮਲਕੀਤ ਸਿੰਘ ਸਲੋਅ ,, | ੨੪੫੦-੦੦ | ਸੀ. ਪੀ. ਸਿੰਘ ਐਂਡ ਕੰਪਨੀ ਅੰਮ੍ਰਿਤਸਰ | ੨੬੦-੦੦ |
| ਰਾਮਗੜ੍ਹੀਆ ਬੋਰਡ ਨੌਰਥੈਂਪਟਨ ,, | ੧੨੨੫-੦੦ | ਗੁਪਤ ਸੇਵਾ ੬੫੦-੦੦ ਗੁਪਤ ਸੇਵਾ | ੧੦੦੦-੦੦ |
| ਭਾਈ ਜਗੀਰ ਸਿੰਘ ਲਿਸਟਰ ,, | ੪੯੦੦-੦੦ | ਗੁਪਤ ਸੇਵਾ ਅੰਮ੍ਰਿਤਸਰ | ੪੦੦-੦੦ |
| ਅਖੰਡ ਕੀਰਤਨੀ ਜਥਾ ਗ੍ਰੇਵਜ਼ੈਂਡ ,, | ੭੪੦੦-੦੦ | ਭਾਈ ਅਵਤਾਰ ਸਿੰਘ ਲੁਧਿਆਣਾ | ੧੦੦-੦੦ |
| ਬੀਬੀ ਸਤਨਾਮ ਕੌਰ ਰੈਡਿੰਗ ,, | ੪੯੦-੦੦ | ਬੀਬੀ ਗੁਰਬਚਨ ਕੌਰ ਲੁਧਿਆਣਾ | ੨੦੦-੦੦ |
| ਭਾਈ ਅਵਤਾਰ ਸਿੰਘ ਸਲੋਅ ,, | ੨੪੫੦-੦੦ | ਕਾਕਾ ਪ੍ਰਦੀਪ ਸਿੰਘ ਕਿਲ੍ਹਾ ਰਾਇਪੁਰ | ੧੦੦-੦੦ |
| ਭਾ: ਰਵਿੰਦਰ ਸਿੰਘ ਬਰੈਡਫੋਰਡ ,, | ੪੦੦-੦੦ | ਸ: ਹਰਭਜਨ ਸਿੰਘ ਪੀਨਾਂਗ (ਮਲੇਸ਼ੀਆ) | ੧੮੨੭-੫੧ |
| ਭਾ: ਬਚਿਤਰ ਸਿੰਘ ਸਲੋਅ ,, | ੧੦੫੦-੦੦ | ਗੁਪਤ ਸੇਵਾ ਅੰਮ੍ਰਿਤਸਰ | ੧੦੦੦੦-੦੦ |
| ਭਾ: ਧਰਮ ਸਿੰਘ ਡੀਂਗਰੀਆ | ੧੦੦-੦੦ | ਸ: ਜੁਗਿੰਦਰ ਸਿੰਘ ਜੈਪੁਰ | ੧੦੦੦-੦੦ |
| ਭਾ: ਜਗਤ ਸਿੰਘ ਆਦਮਪੁਰ | ੧੦੧-੦੦ | ਸ: ਦਰਸ਼ਨ ਸਿੰਘ ਮੂਲੀਆਂਵਾਲ | ੫੦-੦੦ |
| ਭਾ: ਮੋਹਨ ਸਿੰਘ ਬੁਲੋਵਾਲ | ੨੦੦-੦੦ | ਸ: ਜਗਤਾਰ ਸਿੰਘ ਚੰਡੀਗੜ੍ਹ | ੫੦-੦੦ |
| ਮਾਸਟਰ ਸਾਧੂ ਸਿੰਘ ਬਹਿਬਲਪੁਰ | ੫੦-੦੦ | ਪਰਵਾਰ ਭਾਈ ਰਜਿੰਦਰ ਸਿੰਘ ਜੈਪੁਰ | ੫੦-੦੦ |
| ਭਾ: ਸਰਬਜੀਤ ਸਿੰਘ ਦੋਰਾਹਾ | ੧੧੦੦-੦੦ | ਸ: ਪ੍ਰਦੁਮਨ ਸਿੰਘ ਜਲੰਧਰ | ੧੦੦-੦੦ |
| ਖਾਲਸਾ ਫੈਂਸੀ ਸਟੋਰ, ਆਦਮਪੁਰ | ੧੦੦-੦੦ | ਸ: ਅਮਰਜੀਤ ਸਿੰਘ ਲੁਧਿਆਣਾ | ੧੦੦-੦੦ |

## ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਬੀਬੀ ਬਲਬੀਰ ਕੌਰ ਮਾਤਾ ਸ਼ਹੀਦ ਹਰੀ ਸਿੰਘ ਲੰਗ—ਪੁਤਰ ਸ਼ਹੀਦ, ਪਤੀ ਬਿਰਧ, ਗੁਜ਼ਾਰਾ ਮੁਸ਼ਕਲ | ੧੦੦੦੦-੦੦ |
| ਬੀਬੀ ਮਨਜਿੰਦਰ ਕੌਰ ਪਤਨੀ ਭਾਈ ਦਲਜੀਤ ਸਿੰਘ ਮਲਾਂ—ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ | ੧੦੦੦੦-੦੦ |
| ਬੀਬੀ ਹਰਬੰਸ ਕੌਰ ਮਾਤਾ ਭਾਈ ਸਤਨਾਮ ਸਿੰਘ ਬੈਗਾ—ਪੁਤਰ ਜੇਲ੍ਹ, ਘਰੇਲੂ ਲੋੜਾਂ | ੫੦੦੦-੦੦ |
| ਬੀਬੀ ਪ੍ਰੀਤਮ ਕੌਰ ਪਤਨੀ ਸ਼ਹੀਦ ਮੱਖਣ ਸਿੰਘ ਲਾਡੋਵਾਲ—ਪਤੀ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀਬੀ ਮਨਦੀਪ ਕੌਰ ਪਤਨੀ ਸ਼ਹੀਦ ਬਲਵਿੰਦਰ ਸਿੰਘ ਗੁਆਰਾ—ਪਤੀ ਸ਼ਹੀਦ, ਘਰੇਲੂ ਲੋੜਾਂ | ੧੦੦੦੦-੦੦ |
| ਬੀਬੀ ਤੀਰਥ ਕੌਰ ਪਤਨੀ ਸ਼ਹੀਦ ਸ: ਅਵਤਾਰ ਸਿੰਘ ਜੰਮੂ—ਬੱਚੇ ਛੋਟੇ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਭਾਈ ਸੇਵਾ ਸਿੰਘ ਪਿਤਾ ਭਾਈ ਇੰਦਰਜੀਤ ਸਿੰਘ ਬੈਂਚਾ—ਪੁਤਰ ਲਾ-ਪਤਾ, ਕੋਈ ਕਮਾਊ ਨਹੀਂ | ੫੦੦੦ ੦੦ |
| ਬੀਬੀ ਮਨਜੀਤ ਕੌਰ ਪਤਨੀ ਭਾ: ਬਲਵਿੰਦਰ ਸਿੰਘ ਅੰਮ੍ਰਿਤਸਰ—ਪੁਤਰ ਸ਼ਹੀਦ, ਪਤੀ ਜੇਲ੍ਹ, ਘਰੇਲੂ ਲੋੜਾਂ | ੫੦੦੦-੦੦ |

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਭਾ: ਪ੍ਰੀਤਮ ਸਿੰਘ ਅੰਮ੍ਰਿਤਸਰ (ਚੜ੍ਹਾਵਾ ਸਮਾਗਮ) | ੨੫੧-੧੦ | ਭਾ: ਦਲਬੀਰ ਸਿੰਘ ਅੰਮ੍ਰਿਤਸਰ(ਚੜ੍ਹਾਵਾ ਸਮਾਗਮ) | ੫੧੩-੨੦ |
| ਸ: ਜਸਪ੍ਰੀਤ ਸਿੰਘ ਜਬਲਪੁਰ | ੧੦੦-੦੦ | ਸ: ਮੇਵਾ ਸਿੰਘ ਰੋਪੜ | ੫੫-੦੦ |
| ਸ: ਗੁਰਦੀਪ ਸਿੰਘ ਨਵੀਂ ਦਿਲੀ | ੨੫੦-੦੦ | ਸ੍ਰੀਮਤੀ ਜੇ ਕੇ. ਢਿਲੋਂ ਯੂ.ਕੇ. | ੪੦੦-੦੦ |
| ਸ: ਪੀ.ਐਸ.ਐਸ.ਕੇ. ਭੱਚਾ ਯੂ.ਕੇ. | ੧੭੫-੦੦ | ਭਾਈ ਓਅੰਕਾਰ ਸਿੰਘ ਲਿਸਟਰ ਯੂ. ਕੇ. | ੨੨੫-੦੦ |
| ਸ: ਹਰਭਜਨ ਸਿੰਘ ਕੀਨੀਆ | ੬੫-੦੦ | ਗੁਪਤ ਸੇਵਾ ਜੈਪੁਰ (ਚੜ੍ਹਾਵਾ ਸਮਾਗਮ) | ੧੯੦-੦੦ |
| ਬੀਬੀ ਗੁਰਚਰਨ ਕੌਰ ਦਾਦੂਪੁਰ—ਬੀਬੀ ਹਰਭਜਨ ਕੌਰ ਦੇ ਅਨੰਦ ਸਮੇਂ | | | ੧੭੯-੦੦ |
| ਪਰਵਾਰ ਮਾਤਾ ਵੀਰਾਂਵਾਲੀ ਜੋਧਪੁਰ—ਅੰਤਮ ਅਰਦਾਸ ਸਮੇਂ ਤੇ ਚੜ੍ਹਾਵਾ ਭੋਗ ਸਮੇਂ | | | ੧੦੦੦-੦੦ |

## ਮਾਤਾ ਈਸ਼ਰ ਕੌਰ ਜੀ ਦਿੱਲੋ, ਵਿਛੋੜਾ ਦੇ ਗਏ

ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦੇ ਪਰਵਾਰ ਵਲੋਂ ੫੦੦/- ਸਹਾਇਤਾ ਭੇਜੀ ਗਈ ਹੈ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

**ਮਾਸਕ ਰੈਣ ਸਬਾਈ ਭਾ: ਪਰਮਜੀਤ ਸਿੰਘ, ਖੰਡ ਮਿਲ ਬੁਢੇਵਾਲ (ਲੁਧਿਆਣਾ) — 11 ਜੁਲਾਈ**

**ਗੁਰਦਵਾਰਾ ਸ਼ਹੀਦਗੰਜ ਵਡਾ ਘਲੂਘਾਰਾ ਰੋਹੀੜਾ (ਸੰਗਰੂਰ) ਰੈਣ ਸਬਾਈ — 18 ਜੁਲਾਈ**

www.AKJ.Org

## ਅੰਬਾਲਾ ਛਾਉਣੀ ਗੁਰਦਵਾਰਾ ਗੋਬਿੰਦ ਨਗਰ ਵਿਖੇ ਅਖੰਡ ਕੀਰਤਨ ਸਮਾਗਮ

13 ਤੋਂ 16 ਅਗਸਤ 1992 ਸਵੇਰ ਤਕ

---

ਸੰਤ ਸਰੂਪ ਡਾਕਟਰ ਬਸੰਤ ਸਿੰਘ ਜੀ ਦੀ ਮਿੱਠੀ ਯਾਦ ਵਿਚ

**ਪਿੰਡ ਬਲੋਲਪੁਰ (ਬਟਾਲੇ ਤੋਂ ਡੇਰਾ ਬਾਬਾ ਨਾਨਕ ਰੋਡ) 9 ਤੋਂ 11 ਜੁਲਾਈ ਸ੍ਰੀ ਅਖੰਡਪਾਠ ਤੇ ਕੀਰਤਨ**

11 ਜੁਲਾਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ, 12 ਜੁਲਾਈ ਸਵੇਰੇ ਸਮਾਪਤੀ

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(1) 11.7.92 ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ, ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਵੈਕਸਹੈਮ ਕੋਰਟ ਸ਼ੀਹੀ-ਵੇ, ਸਲੋਅ ਵਿਖੇ ਹੋਵੇਗਾ । ਫ਼ੋਨ ਗੁ: 0753-526828/531826
ਫ਼ੋਨ ਭਾਈ ਸੋਹਨ ਸਿੰਘ 0757-530624, ਭਾਈ ਕੇਵਲ ਸਿੰਘ 0753-576246

(2) 25.7.92 ਰੈਣ ਸਬਾਈ ਕੀਰਤਨ ਗੁਰਦਵਾਰਾ ਸੈਂਟਰਲ ਸਿੰਘ ਸਭਾ, 138-ਬਾਰਕੇ ਰੋਡ, ਗਲਾਸਗੋ ਵਿਖੇ ।
ਫ਼ੋਨ ਗੁਰਦਵ੍ਹਾਰਾ 041-221-6698
ਭਾਈ ਬਲਜੀਤ ਸਿੰਘ 041-332-8845 ਅਤੇ 041-331-1957

**ਯੂ. ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾਂ ਕਰਾਉਣ ਲਈ ਪਤਾ** (ਫ਼ੋਨ 0734-267900)
**Bhai Gurnam Singh, 10-Lambourne Gardens, Earley, Reading, Berk U.K.**

---

**ਯੂ. ਕੇ. ਵਿਚ ਮੋਖ-ਰਹਿਤ ਪੁਸਤਕਾਂ**—ਭਾਈ ਸਾਹਿਬ ਰਣਧੀਰ ਸਿੰਘ ਜੀ ਰਚਿਤ ਪੁਸਤਕਾਂ ਅਤੇ ਹੋਰ ਗੁਰਮਤੀ ਪੁਸਤਕਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਮੁਫ਼ਤ ਮੰਗਵਾਓ । ਡਾਕ ਖਰਚ ਪਹਿਲਾਂ ਭੇਜੋ—
**Bhai Madan Singh, 11-Apollo Way, PerryBar, Birmingham-20, 3ND (U.K.)**

---

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ | ੧੬-੦੦ | ਗੁਰਮਤਿ ਸੱਚ ਨਿਰਣੈ | ੧੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਝਟਕਾ ਮਾਸ ਪ੍ਰਥਾਇ ਗੁਰਮਤਿ ਨਿਰਣੈ | ੧੨-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਸਚਖੰਡ ਦਰਸ਼ਨ | ੭-੫੦ |
| ਅਨਹਦ ਸ਼ਬਦ ਦਸਮ ਦੁਆਰ | ੧੫-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ? | ੭-੫੦ |
| ਗੁਰਮਤਿ ਵਿਚਾਰ | ੧੪-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਅੰਮ੍ਰਿਤ ਕੀ ਹੈ ? ੩-੦੦ ਅੰਮ੍ਰਿਤ ਕਲਾ | ੧-੫੦ | ਸ਼ੰਕਿਆਂ ਦੇ ਉਤਰ [illegible]-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਆਸਤਕ ਤੇ ਨਾਸ[illegible] | ੦-੭੫ |
| ਗੁਰਮਤਿ ਰਮਜ਼ਾਂ | ੨-੫੦ | ਬਾਬਾ ਵੈਦ ਰੋਗੀਆ[illegible] | ੧-੦੦ |
| ਧਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧ[illegible]ਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧੁ ਹੈ | ੧-੦੦ | ਤਿਮਰ ਅਗਿਆਨੋਂ ਤੋਂ ਉਜਿਆਰਾ | ੧-੦੦ |

---

ਮਨੀਆਰਡਰ, ਬੈਂਕ ਡਰਾਫਟ ਤੇ ਚਿੱਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ-ਪੀ. 43045)

**ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org